
ਨਾਲ ਮੁਹੱਬਤ ਚੇਤੇ ਆਈਆਂ ਕਸ਼ਮੀਰੀ ਕੇਸਰ ਦੀਆਂ
ਕਲੀਆਂ। ਮਹਿਕ ਗਿਆ ਹੈ ਮਨ ਦਾ ਚੰਬਾ ਪੜ੍ਹ ਜਿਉਂ
ਚਿੱਠੀਆਂ ਆਈਆਂ ਭਲੀਆਂ। ਜਿਸ ਮਿੱਟੀ ਦੇ ਅੰਦਰ
ਖ਼ੁਸ਼ਬੂ ਖੇਤੀ ਹੋਵੇ ਮਹਿਕ ਪਰੁੱਚੀ, ਗੜ੍ਹ ਗੁਲਜ਼ਾਰ
ਬਿਨਫ਼ਸ਼ਾ ਜਿੱਥੇ,ਕਿਉਂ ਮੱਥੇ ਦੀਆਂ ਲੀਕਾਂ ਬਲ਼ੀਆਂ।
ਗੁਰਭਜਨ ਗਿੱਲ


ਇੱਕੋ ਧਰਤੀ, ਮਹਿਕ ਉਗਾਵੇ, ਮਿੱਠੇ ਫ਼ਲ ,
ਹਰਿਆਲੀ। ਕੌੜੇ ਤੁੰਮੇ, ਮਿਰਚ ਮਸਾਲੇ, ਕਿੰਨੀ ਜ਼ਹਿਰ
ਸੰਭਾਲੀ। ਟਾਹਣੀ ਦੀ ਹਰਿਆਲੀ ਅੰਦਰ ਸੂਹੇ ਖ਼੍ਵਾਬ
ਪਰੁੱਚੇ, , ਪਰ ਕਿਉਂ ਛਾਂਗੇ ਵੰਨ ਸੁਵੰਨਤਾ, ਅਜਬ ਬਾਗ
ਦਾ ਮਾਲੀ। ਗੁਰਭਜਨ ਗਿੱਲ


ਸਿਰ ਤੇ ਛਤਰੀ ਤਾਂ ਹੀ ਜਚਦੀ,ਪੈਰਾਂ ਹੇਠ ਜ਼ਮੀਨ ਜੇ
ਹੋਵੇ। ਚਿਹਰਾ ਜਦੋਂ ਗੁਆਚ ਗਿਆ ਤਾਂ ਕਿਹੜਾ
ਪੂੰਝੇ,ਕਿਹੜਾ ਧੋਵੇ। ਹੋਵੇ ਨਾ ਜੇ ਪੁੱਛਣ ਵਾਲਾ, ਡੁਸਕੇ,
ਕਿਸਨੂੰ ਆਖ ਸੁਣਾਵੇ, ਦਿਲ ਦੀ ਹਾਲਤ ਕੀ ਦੱਸਾਂ ਮੈਂ.
ਅੰਦਰ ਅੱਥਰੂ ਸੁੱਟ ਕੇ ਰੋਵੇ। ਗੁਰਭਜਨ ਗਿੱਲ



ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ
ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ,
ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ


ਬੀਜ ਬਣੇ ਹਰਿਆਲਾ ਬੂਟਾ, ਖਿੜਦੇ ਨੇ ਫੁੱਲ ਵੰਨ
ਸੁਵੰਨੇ। ਕੁਦਰਤ ਪੈਰੀਂ ਪਾ ਕੇ ਝਾਂਜਰ, ਛਣਕਾਉਂਦੀ
ਜਿਉਂ ਬੰਨੇ ਚੰਨੇ। ਮਨ ਮਸਤਕ ਵਿੱਚ ਸਰਗਮ ਛਿੜਦੀ,
ਧੁਰ ਅੰਦਰ ਤੱਕ ਬਿਜਲੀ ਚਮਕੇ, ਇਸ ਪੁਸਤਕ ਦਾ
ਪਾਠ ਅਲੱਗ ਹੈ, ਵਿਸਮਾਦੀ ਨੇ ਸਾਰੇ ਪੰਨੇ।
ਗੁਰਭਜਨ ਗਿੱਲ



ਗੁੰਮ ਗਵਾਚ ਗਏ ਨੇ ਜੀਕੂੰ ,ਪਿੰਡਾਂ ਵਿੱਚੋਂ ਖੂਹ ਦੇ ਪਾਣੀ।
ਭੀੜ ਫਿਰੇ ਪਈ ਚਾਰ-ਚੁਫ਼ੇਰੇ,ਲੱਭਦੇ ਹੀ ਨਾ ਰੂਹ ਦੇ
ਹਾਣੀ।  ਜੀਵੇ ਜਾਗੇ ਦੇਸ਼ ਮਾਲਵਾ, ਪੌਣੀ ਉਮਰ
ਗੁਜ਼ਾਰੀ ਜਿੱਥੇ, ਪਰ ਰੂਹ ਖਿੜਦੀ,ਜਦ ਮਿਲ ਜਾਂਦੇ,
ਮਾਝੇ ਵਿਚਲੀ ਜੂਹ ਦੇ ਹਾਣੀ।
ਗੁਰਭਜਨ ਗਿੱਲ



ਹੁਣੇ ਹੁਣੇ ਤੂੰ ਦਸਤਕ ਦਿੱਤੀ, ਧੁਰ ਅੰਦਰ ਤੱਕ ਰੂਹ ਰੁਸ਼ਨਾਈ। ਲੱਗਿਆ ਮਨ ਦੀ ਚੌਖਟ ਉੱਤੇ ਦੀਵਾ ਬੱਤੀ ਆਣ ਜਗਾਈ। ਖਿੜਿਆ ਜਿਵੇਂ ਗੁਲਾਬ ਟਾਹਣੀਏ, ਚਾਰ ਚੁਫ਼ੇਰੇ ਰੌਣਕ ਹੋਈ, ਯਾਦਾਂ ਗਲੀ ਵਿੱਚ ਝਾਂਜਰ ਛਣਕੀ, ਮੁੱਦਤ ਮਗਰੋਂ ਰੌਣਕ ਆਈ। ਗੁਰਭਜਨ ਗਿੱਲ



ਵੇਖੋ ਜ਼ਿੰਦਗੀ ਟਹਿਕ ਰਹੀ ਹੈ ਬਰਫ਼ਾਂ ਦੇ ਅੰਬਾਰਾਂ ਉੱਤੇ।
ਫੁੱਲ ਕਲੀਆਂ ਨੂੰ ਖਿੜਿਆ ਤੱਕਿਐ, ਮੈਂ ਤਾਂ ਸੁਰਖ਼
ਅੰਗਾਰਾਂ ਉੱਤੇ। ਸਰਮਾਏ ਦੇ ਸਬਜ਼ ਕਬੂਤਰ, ਚੂੰਡ ਰਹੇ
ਲਾਲੀ ਹਰਿਆਲੀ, ਆਰੀ ਨਾ ਜੜ੍ਹ ਉੱਪਰ ਫੇਰੋ,
ਰਹਿਮ ਕਰੋ ਗੁਲਜ਼ਾਰਾਂ ਉੱਤੇ। ਗੁਰਭਜਨ ਗਿੱਲ



ਸੂਰਜ ਘੁਲ਼ ਫੁੱਲਾਂ ਵਿੱਚ ਰਲ਼ਿਆ,ਪੱਤੀਆਂ ਟਹਿਕਣ
ਸੋਨ ਸੁਨਹਿਰੀ। ਧਰਤੀ ਤੇ ਵੀ ਵੇਖ ਲਿਆ ਕਰ,ਜਦ
ਖਿੜਦੀ ਹੈ ਸੁਰਖ਼ ਦੁਪਹਿਰੀ। ਇਹ ਤਾਂ ਅਸਲ
ਇਬਾਰਤ ਲਿਖਦੀ ਕੁਦਰਤ ਬਣਕੇ ਕਾਦਰ ਏਦਾਂ, ਤੈਨੂੰ
ਇਹ ਕਿਉਂ ਸਮਝ ਪਵੇ ਨਾ,ਗੱਲ ਨਾ ਮਿੱਤਰਾ ਬਹੁਤੀ
ਗਹਿਰੀ। ਗੁਰਭਜਨ ਗਿੱਲ



ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ
ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ
ਲਈਏ। ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ
ਬਹੀਏ। ਪਸ਼ੂ,ਪਰਿੰਦੇ, ਕੁੱਲ ਪ੍ਰਕਿਰਤੀ, ਹਰ ਪਲ ਦੇਂਦੀ
ਲੈਂਦੀ, ਇਸ ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ।
ਗੁਰਭਜਨ ਗਿੱਲ



ਸਗਲ ਸ੍ਰਿਸ਼ਟੀ ਜਾਣੋ ,ਮਾਣੋ, ਇਹ ਕੁਦਰਤ ਵਿਸਮਾਦੀ
ਕਾਇਆ। ਪੁੰਗਰਦਾ ਹਰ ਪੱਤਾ ਪੱਕਣਾ,ਝੜਨਾ, ਇਹ
ਤਾਂ ਹੁੰਦਾ ਆਇਆ। ਜਿੰਨੇ ਸਵਾਸ ਮਿਲੇ ਨੇ , ਖਿੜ ਕੇ,
ਖੇੜਾ ਵੰਡੋ, ਮਹਿਕੋ ਟਹਿਕੋ, ਤੇਰੇ ਭੇਜੇ ਗੁਲਦਸਤੇ ਨੇ,
ਇਹ ਹੁਣ ਮੈਨੂੰ ਸਬਕ ਪੜ੍ਹਾਇਆ।
ਗੁਰਭਜਨ ਗਿੱਲ


ਸਗਲ ਇਬਾਰਤ ਫੁੱਲਾਂ ਉੱਤੇ, ਮੈਂ ਇਹ ਵਾਂਗ ਤਰੇਲ ਨਾ
ਡਿੱਠੀ। ਸੰਦਲੀ ਸਾਹਾਂ ਦੇ ਸੰਗ ਉਕਰੀ ,ਇਹ ਤਾਂ ਜਾਪੇ
ਤੇਰੀ ਚਿੱਠੀ। ਇਸ ਤੋਂ ਸੁੱਚਾ ਵਰਕਾ ਹਾਲੇ ਬਣਿਆ ਹੀ
ਨਾ ਧਰਤੀ ਉੱਤੇ, ਬਿਨ ਲਿਖਿਆਂ ਜੋ ਬਾਤ
ਸੁਣਾਵੇ ,ਸ਼ਹਿਦ ਕਟੋਰੀ ਨਾਲੋਂ ਮਿੱਠੀ।
ਗੁਰਭਜਨ ਗਿੱਲ



ਵਕਤ ਦੇ ਕੋਰੇ ਸਫ਼ਿਆਂ ਉੱਤੇ, ਇੱਕ ਅੱਧ ਵਾਕ ਚਲੋ ਹੁਣ
ਜੜੀਏ। ਲਿਖਣ ਤੋਂ ਪਹਿਲਾਂ ਬਹੁਤ ਜ਼ਰੂਰੀ, ਪਹਿਲਾਂ
ਕੰਧ ਤੇ ਲਿਖਿਆ ਪੜ੍ਹੀਏ। ਸ਼ਬਦ ਸਲੀਕਾ, ਤਾਲ ਤੇ
ਸੁਰ ਦਾ,ਸਹਿਜ ਸੁਮੇਲ ਪਰੋ ਕੇ ਸਾਹੀਂ, ਬੀਤੇ,ਅੱਜ ਤੋਂ
ਸੁਹਣੇ ਸੁਪਨੇ, ਵਰਗੀ ਸੂਰਤ ਕੱਲ੍ਹ ਦੀ ਘੜੀਏ।
ਗੁਰਭਜਨ ਗਿੱਲ


ਗਿਆਨਵਾਨ ਜਦ ਬੋਲਣ ਤਾਂ ਫਿਰ ਦਾਨਿਸ਼ਮੰਦ ਨੇ
ਸੁਣਦੇ। ਖੋਟਾ ਖ਼ਰਾ ਪਛਾਨਣ ਨਾਲੇ ਪੜ੍ਹਿਆ ਸੁਣਿਆ
ਪੁਣਦੇ। ਵਕਤ ਕੁਲਹਿਣਾ ਵੇਖੋ ਕੈਸਾ, ਸਾਡੇ ਸਾਹੀਂ
ਰਲ਼ਿਆ, ਆਪਣਾ ਭਲਕ ਸੰਵਾਰਨ ਖ਼ਾਤਿਰ, ਭੁੱਲੀਏ
ਮਸਲੇ ਹੁਣ ਦੇ। ਗੁਰਭਜਨ ਗਿੱਲ




ਸਭ ਪੈਰਾਂ ਨੂੰ ਸਫ਼ਰ ਉਡੀਕੇ, ਰਾਤ ਦੇ ਮਗਰੋਂ ਚੜ੍ਹੀ
ਸਵੇਰ। ਬੀਤ ਗਿਆ ਜੋ ਮਰ ਚੁਕਿਆ ਹੈ, ਅੱਜ ਨਾ
ਵੀਰਿਉ ਕਰਿਉ ਦੇਰ। ਵਕਤ ਦੇ ਅੱਥਰੇ ਘੋੜੇ ਉੱਤੇ ਮਾਰ
ਪਲਾਕੀ ਬਣੋ ਸਵਾਰ, ਅੱਜ ਤੋਂ ਮਗਰੋਂ ਅੱਜ ਨੇ ਮੁੜ ਕੇ
ਫਿਰ ਨਹੀਂ ਆਉਣਾ ਦੂਜੀ ਵੇਰ। ਗੁਰਭਜਨ ਗਿੱਲ


ਹਿੰਮਤੀ ਜਦ ਵੀ ਬਣਨ ਕਾਫ਼ਲੇ, ਕੋਈ ਵੀ ਮੰਜ਼ਿਲ ਦੂਰ
ਨਾ ਹੁੰਦੀ। ਕੂੰਜੜੀਆਂ ਦੀ ਡਾਰ ਕਦੇ ਵੀ ਉੱਡਦੀ ਥੱਕ
ਟੁੱਟ ਚੂਰ ਨਾ ਹੁੰਦੀ। 'ਕੱਲ੍ਹਾ ਬੰਦਾ ਜਿਹੜਾ ਹਰ ਦਮ
ਆਪਣੀ ਹੀ ਪਰਿਕਰਮਾ ਕਰਦਾ, ਸਦਾ ਹਨ੍ਹੇਰਾ ਛਾਣੇ,
ਤੜਪੇ, ਜ਼ਿੰਦਗੀ ਨੂਰੋ ਨੂਰ ਨਾ ਹੁੰਦੀ। ਗੁਰਭਜਨ ਗਿੱਲ



ਦੂਰ ਪਹਾੜ ਦੇ ਪੈਰੀਂ ਖਿੜ ਪਏ, ਬਾਗ਼ ਮੁਹੱਬਤਾਂ ਵਾਲੇ।
ਸਾਡੇ ਰਾਹੀਂ ਮੇਖਾਂ ਗੱਡਦੇ, ਪੱਥਰ ਚਿੱਤ ਦੇ ਕਾਲ਼ੇ। ਪਾਪੀ
ਬੰਦੇ ਅੰਦਰੋਂ ਕੰਬਦੇ ਤਾਂਹੀਉਂ ਇਹ ਕੁਝ ਕਰਦੇ, ਕੁੱਲ
ਧਰਤੀ ਦੀਆਂ ਕੁੰਜੀਆਂ ਮੰਗਣ ਰਾਣੀ ਖ਼ਾਂ ਦੇ ਸਾਲ਼ੇ।
ਗੁਰਭਜਨ ਗਿੱਲ




ਪਹਿਲਾ ਕਵੀ
ਮਿਤੀ 15 ਨਵੰਬਰ 2025, ਸੰਗਤ ਘਾਟ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ
ਕਾਰਸੇਵਾ ਰਾਹੀ ਪਵਿੱਤਰ ਬੁੱਢੇ ਦਰਿਆ ਦੇ
: ਸੰਤ ਬਲਬੀਰ ਸਿੰਘ ਸੀਚੇਵਾਲ ਅਤੇ
ਸਤਿਲੁਜ ਬਿਆਸ ਝਨਾਂ ਤੇ ਜਿਹਲਮ ਪੰਜਵਾਂ ਦਰਿਆ
ਮੇਰੀ ਮਾਂ ਹੈ। ਪਾਲ ਪੋਸ ਜਿਸ ਵੱਡਿਆਂ ਕੀਤਾ, ਰਾਵੀ
ਉਸ ਦਾ ਦੂਜਾ ਨਾਂ ਹੈ। ਬਾਤ ਪਾਉਂਦਿਆਂ ਬਿਰਖ਼ਾਂ ਦੀ ਮੈਂ,
ਸੀਸ ਝੁਕਾਵਾਂ ਪੁਰਖਿਆਂ ਨੂੰ ਵੀ, ਕੁਝ ਆਰੀ ,ਕੁਝ
ਵਕਤ ਲੈ ਗਿਆ, ਫਿਰ ਵੀ ਸਿਰ ਵਿਰਸੇ ਦੀ ਛਾਂ ਹੈ।
ਗੁਰਭਜਨ ਗਿੱਲ



ਹਾਕਮ ਹੁਕਮ ਹਕੂਮਤ ਖ਼ਾਤਰ, ਸ਼ਬਦਾਂ ਨੂੰ ਤਵੀਆਂ ਤੇ ਧਰਦੇ। ਕੌਣ ਕਹੇ ਦੱਸ ਬੇਸਮਝਾਂ ਨੂੰ, ਅਰਥ ਕਦੇ ਏਦਾਂ ਨਹੀਂ ਮਰਦੇ। ਜਬਰ ਜ਼ੁਲਮ ਦੀ ਤੱਤੀ ਰੇਤਾ, ਚਹੁੰ ਸਦੀਆਂ ਤੋਂ ਬਾਦ ਨਿਰੰਤਰ, ਸ਼ਬਦ -ਗੁਰੂ ਦੇ ਸੀਸ ਤੇ ਪੈਂਦੀ, ਅੱਜ ਵੀ ਜਾਬਰ ਘੱਟ ਨਹੀਂ ਕਰਦੇ।

ਗੁਰਭਜਨ ਗਿੱਲ


ਖ਼ੂਨ ਜਿਗਰ ਦਾ ਪਾਉਣਾ ਪੈਂਦਾ, ਸ਼ਬਦ ਸਦਾ ਕੁਰਬਾਨੀ
ਮੰਗਦੇ। ਜੇ ਬੋਲੋ ਤਾਂ ਜਾਨ ਨੂੰ ਖ਼ਤਰਾ, ਨਾ ਬੋਲੋ ਤਾਂ ਸੂਲੀ
ਟੰਗਦੇ। ਹਰ ਪਲ ਜੀਕੂੰ ਇਮਤਿਹਾਨ ਹੈ, ਰਹਿਣਾ ਪੈਂਦੈ
ਲੱਤ ਇੱਕੋ ਤੇ, ਚੌਂਕੀਦਾਰ ਤੋਂ ਸਖ਼ਤ ਨੌਕਰੀ, ਫ਼ਿਕਰ
ਚੁਫ਼ੇਰਿਓਂ ਰਹਿੰਦੇ ਡੰਗਦੇ। ਗੁਰਭਜਨ ਗਿੱਲ



ਇੱਕ ਦੀਵੇ ਤੋਂ ਦੂਜਾ ਜਗਦਾ, ਕੁਝ ਨਹੀਂ ਘਟਦਾ ਚਾਨਣ ਦਾ। ਵੰਡਿਆ ਕਰ ਤੂੰ ਰੌਸ਼ਨੀਆਂ ਨੂੰ, ਵਕਤ ਹੈ ਰਲ਼ ਕੇ ਮਾਨਣ ਦਾ। ਰਾਹਗੀਰਾਂ ਨੂੰ ਰੁੱਖ ਹਰਿਆਲੇ, ਸਿਰਨਾਵਾਂ ਤਾਂ ਪੁੱਛਦੇ ਨਹੀਂ, ਵਕਤ ਖੁੰਝਾਉਂਦੇ ਨਾ ਉਹ ਇੱਕ ਪਲ, ਸਿਰ ਤੇ ਛਤਰੀ ਤਾਨਣ ਦਾ।

ਗੁਰਭਜਨ ਗਿੱਲ


ਵੇਖ ਲੈ ਹੋਇਆ ਕੀ ਮੇਰਾ ਹਾਲ ਹੈ। ਭੀੜ ਹੈ, ਪਰ
ਦੋਸਤੀ ਦਾ ਕਾਲ਼ ਹੈ। ਵੇਖਿਆ ਅੰਬਰ 'ਚੋਂ ਰਾਤੀਂ ਸ਼ਹਿਰ
ਨੂੰ, ਜਾਪਿਆ ਇਹ ਮੋਤੀਆਂ ਦਾ ਥਾਲ ਹੈ।
ਗੁਰਭਜਨ ਗਿੱਲ


ਮਨ ਮਸਤਕ ਵਿੱਚ ਪਹਿਲਾਂ ਆਪੇ ਜੰਗਲ ਦਾ
ਵਿਸਥਾਰ ਕਰਨਗੇ । ਜਗਦੇ ਦੀਪ ਬੁਝਾ ਕੇ ਡਾਕੂ, ਵਿੱਚ
ਹਨ੍ਹੇਰੇ ਮਾਰ ਕਰਨਗੇ । ਬਚ ਜਾਹ ਓ ਤੂੰ ਭੋਲੇ ਪੰਛੀ,
ਇਨ੍ਹਾਂ ਵਾਲੀ ਚੋਗ ਚੁਗੀਂ ਨਾ, ਬਿਰਖ਼ ਚੀਰ ਕੇ ਇਹ
ਵਣਜਾਰੇ ਛਾਵਾਂ ਤੁਰਤ ਲੰਗਾਰ ਕਰਨਗੇ।
ਗੁਰਭਜਨ ਗਿੱਲ


ਪਿਆਰ ਦੇ ਰਾਹ ਵਿੱਚ ਦੱਸੋ ਤਾਂ ਸਹੀ ਕਿਸਨੂੰ ਨਹੀਂਉਂ
ਦਰਦ ਮਿਲੇ । ਵੱਖਰੀ ਗੱਲ ਹੈ, ਵਣ ਹਰਿਆਲੇ, ਬਣ ਕੇ
ਕੁਝ ਹਮਦਰਦ ਮਿਲੇ । ਸਿਰ ਤੇ ਸੂਰਜ, ਤਪਦੀ
ਧਰਤੀ, ਜਦ ਪੈਰਾਂ ਵਿੱਚ ਛਾਲੇ ਸੀ, ਬਹੁਤੀ ਵਾਰੀ, ਕੋਲ
ਖੜ੍ਹੇ ਨਾ, ਜਿੰਨੇ ਰਿਸ਼ਤੇ, ਸਰਦ ਮਿਲੇ।
ਗੁਰਭਜਨ ਗਿੱਲ



ਉਹ ਤਾਂ ਕੇਵਲ ਚੋਲ਼ਾ ਬਦਲੇ, ਕੌਣ ਕਹੇ ਮਾਂ ਮਰ ਜਾਂਦੀ
ਹੈ । ਪੁੱਤਰ ਧੀਆਂ ਅੰਦਰ ਉਹ ਤਾਂ, ਆਪਣਾ ਸਭ ਕੁਝ
ਧਰ ਜਾਂਦੀ ਹੈ । ਮਹਿਕ ਸਦੀਵੀ, ਮੋਹ ਦੀਆਂ ਤੰਦਾਂ,
ਮਮਤਾ ਮੂਰਤ ਰੂਪ ਬਦਲਦੀ, ਕਿੰਨੇ ਮਹਿੰਗੇ ਅਸਲ
ਖ਼ਜ਼ਾਨੇ, ਦੇ ਕੇ ਝੋਲੀ ਭਰ ਜਾਂਦੀ ਹੈ।

ਗੁਰਭਜਨ ਗਿੱਲ


ਸਾਂਭ ਲਓ ਭਰਾਉ, ਸੁੱਚੇ ਮਹਿਕਦੇ ਗ਼ੁਲਾਬ ਨੂੰ । ਲੱਗੇ
ਨਾ ਨਜ਼ਰ, ਇਹਦੇ ਵਿਚ ਘੁਲ਼ੇ ਖ਼੍ਵਾਬ ਨੂੰ । ਲੰਘ ਚੱਲੀ
ਰਾਤ ਹੁਣ ਜਾਗਣਾ, ਈਮਾਨ ਹੈ, ਕੰਗਲਾ ਬਣਾਉਣੋ
ਰੋਕੋ, ਰੰਗਲੇ ਪੰਜਾਬ ਨੂੰ । ਗੁਰਭਜਨ ਗਿੱਲ



ਅਣਖ਼ ਜਗਾਵੇ ਨਾ ਜੋ, ਉਹ ਵੰਗਾਰ ਨਹੀਂ ਹੁੰਦੀ । ਚੋਰਾਂ ਨਾਲ ਜੋ ਰਲ਼ ਜੇ, ਉਹ ਸਰਕਾਰ ਨਹੀਂ ਹੁੰਦੀ । ਹੱਕ, ਸੱਚ, ਇਨਸਾਫ਼ ਤੇ ਡਾਕੇ ਸਿਖ਼ਰ ਦੁਪਹਿਰੇ ਜੇ, ਵੇਖ ਕੇ ਅੱਖਾਂ ਮੀਟ ਲਵੇ, ਅਖ਼ਬਾਰ ਨਹੀਂ ਹੁੰਦੀ।

ਗੁਰਭਜਨ ਗਿੱਲ


ਪਹਿਲਾ ਬੋਲ ਸਮਰਪਿਤ ਮੇਰਾ, ਕੁੱਲ ਧਰਤੀ ਦੀਆਂ
ਮਾਵਾਂ ਨੂੰ। ਪਾਲ ਪੋਸ ਜਿਨ ਵੱਡਿਆਂ ਕੀਤਾ, ਨਿੱਕਿਆਂ
ਨਿੱਕਿਆਂ ਚਾਵਾਂ ਨੂੰ। ਧਰਮੀ ਬਾਬਲ ਜੁਗਤ
ਸਿਖਾਈ,ਚੜ੍ਹਦੇ ਪਾਣੀ ਤਰਨ ਲਈ, ਪਾਰ ਕਰਨ ਦੀ
ਤਾਕਤ ਬਖ਼ਸ਼ੀ, ਭਰ ਵਗਦੇ ਦਰਿਆਵਾਂ ਨੂੰ।
ਗੁਰਭਜਨ ਗਿੱਲ


ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ
ਦਾ ਮੇਲਾ । ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ
ਬੋਲਣ ਦਾ ਵੇਲਾ । ਸਦਾ ਭਲਾ ਸਰਬੱਤ ਦਾ ਮੰਗੋ, ਦੀਨ
ਦੁਖੀ ਦਾ ਦਰਦ ਨਿਵਾਰੋ, ਮੈਂ, ਮੇਰੀ ਨੂੰ ਮਾਰ ਮੁਕਾਉ, ਜੇ
ਚਾਹੁੰਦੇ ਹੋ ਜਨਮ ਸੁਹੇਲਾ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਮੇਰੇ ਯਾਰੋ, ਚਿਹਰੇ ਤੇ ਮੁਸਕਾਨ
ਲਿਆਉ। ਦਿਲ ਦੇ ਅੰਦਰ ਪਿਆਰ ਬਗੀਚੀ,ਲੋੜ
ਮੁਤਾਬਕ ਪਾਣੀ ਪਾਉ। ਮਨ ਮਸਤਕ ਵਿੱਚ ਨੇਕ
ਖ਼ਿਆਲੀ,ਮਹਿੰਗੀ ਪੂੰਜੀ ਸਾਂਭੋ ਸੱਜਣੋ, ਵਕਤ
ਗੁਆਚਾ ਹੱਥ ਨਾ ਆਏ, ਮਗਰੋਂ ਨਾ ਬਹਿ ਕੇ ਪਛਤਾਉ।
ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ । ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ
ਸਕਦਾ ਹੈ । ਪੀਂਘ ਪਈ ਸਤਰੰਗੀ ਵਿਚਲੇ ਰੰਗ
ਆਪਣੀ ਮੁਸਕਾਨ 'ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ
ਤੂੰ, ਇਹ ਪਲ ਜੀਣ ਸਿਖਾ ਸਕਦਾ ਹੈ।
ਗੁਰਭਜਨ ਗਿੱਲ



ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ
ਲੋਕਾ । ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ
ਤੰਗ ਵੇ ਲੋਕਾ । ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ
ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ,
ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ


ਦੇਸ ਪੰਜਾਬ ਦੇ ਬਰਖ਼ੁਰਦਾਰਾ ਆਪਣੀ ਸੁਰਤ ਸੰਭਾਲ਼
ਦੂਲਿਆ । ਤੇਰੇ ਚਾਰ ਚੁਫ਼ੇਰੇ ਤਣਿਆ, ਸ਼ਹਿਰੀ ਤੰਦੂਆ
ਜਾਲ਼ ਦੂਲਿਆ । ਮਿਰਜ਼ੇ ਪਿੱਛੇ ਵਾਹਰ ਪਈ ਹੈ, ਵੰਨ
ਸੁਵੰਨੇ ਦੁਸ਼ਮਣ ਲੱਖਾਂ, ਸਿਰੋਂ ਮੜ੍ਹਾਸਾ ਲੱਥਿਆ ਤੱਕ ਲੈ,
ਗਲ ਵਿੱਚ ਉਲਝੇ ਵਾਲ਼ ਦੂਲਿਆ। ਗੁਰਭਜਨ ਗਿੱਲ


ਰਾਤ ਪਈ ਹੈ, ਫਿਰ ਕੀ ਹੋਇਆ, ਮੈਂ ਨਾ ਹੁਣ
ਦਿਲਗੀਰ ਬਣਾਂਗਾ । ਅਗਨ ਬਾਣ ਹਾਂ, ਵੇਖ ਲਇਓ
ਮੈਂ, ਰਾਤ ਦੀ ਹਿੱਕ ਵਿੱਚ ਤੀਰ ਬਣਾਂਗਾ । ਨਾਲ
ਸ਼ਿਕਰਿਆਂ ਲੜਦੇ ਲੜਦੇ, ਝਪਟ ਮਾਰਦੇ ਬਾਜ਼ਾਂ
ਖ਼ਾਤਰ, ਚਿੜੀਆਂ ਦੀ ਧਿਰ ਪਾਲਦਿਆਂ ਮੈਂ, ਜ਼ਾਲਮ
ਲਈ ਸ਼ਮਸ਼ੀਰ ਬਣਾਂਗਾ। ਗੁਰਭਜਨ ਗਿੱਲ



ਮੈਂ ਸੁਣਿਆ ਸੀ ਅੰਬਰੀਂ ਵੱਸਦਾ, ਰੱਬ ਨੇ ਦੱਸਿਆ ਤੇਰੇ
ਕੋਲ । ਗਾਫ਼ਿਲ ਬੰਦਿਆ ਮਨ ਦੀ ਮਿੱਟੀ, ਹੁਣ ਤਾਂ ਕੁਝ
ਕੁ ਡੂੰਘੀ ਫ਼ੋਲ । ਅੰਗ ਸੰਗ ਮੇਰੇ ਹਰ ਦਮ ਹਰ ਪਲ
ਮਰ ਚੱਲਿਆਂ ਹੈਂ ਗਾਉਂਦਾ ਤੂੰ, ਖ਼ੁਸ਼ਬੋ ਨਾ ਵਿਸਮਾਦ
ਮਾਣਿਆ, ਬਾਹਰੋਂ ਕਿਸ ਨੂੰ ਫਿਰਦੈਂ ਟੋਲ਼।
ਗੁਰਭਜਨ ਗਿੱਲ



ਕਿੰਨੀ ਵਾਰ ਕਿਹਾ ਏ ਤੈਨੂੰ, ਬਿਨ ਗਾਗਲ ਤਸਵੀਰ ਭੇਜ ਦੇ । ਕੱਸੇ ਹੋਣ ਕਮਾਨ 'ਚ ਜਿੱਦਾਂ, ਦੋ ਨੈਣਾਂ ਦੇ ਤੀਰ ਭੇਜ ਦੇ । ਸੱਤ ਸਮੁੰਦਰ ਡੂੰਘੇ ਕਿੰਨੇ, ਮੈਂ ਇਹ ਹਾਥ ਕਿਵੇਂ ਦੱਸ ਪਾਵਾਂ, ਨਜ਼ਰ ਮਿਲਾ,ਅੱਖ ਫੇਰ ਨਾ ਮੈਥੋਂ,ਦੋਧਾਰੀ ਸ਼ਮਸ਼ੀਰ ਭੇਜ ਦੇ।

ਗੁਰਭਜਨ ਗਿੱਲ



ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ
ਦਾ ਮੇਲਾ। ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ
ਬੋਲਣ ਦਾ ਵੇਲਾ। ਸਦਾ ਭਲਾ ਸਰਬੱਤ ਦਾ ਮੰਗੋ, ਦੀਨ
ਦੁਖੀ ਦਾ ਦਰਦ ਨਿਵਾਰੋ, ਮੈਂ, ਮੇਰੀ ਨੂੰ ਮਾਰ ਮੁਕਾਉ, ਜੇ
ਚਾਹੁੰਦੇ ਹੋ ਜਨਮ ਸੁਹੇਲਾ। ਗੁਰਭਜਨ ਗਿੱਲ



ਸਗਲ ਇਬਾਰਤ ਫੁੱਲਾਂ ਉੱਤੇ, ਮੈਂ ਇਹ ਵਾਂਗ ਤਰੇਲ ਨਾ ਡਿੱਠੀ। ਸੰਦਲੀ ਸਾਹਾਂ ਦੇ ਸੰਗ ਉਕਰੀ ,ਇਹ ਤਾਂ ਜਾਪੇ ਤੇਰੀ ਚਿੱਠੀ। ਇਸ ਤੋਂ ਸੁੱਚਾ ਵਰਕਾ ਹਾਲੇ ਬਣਿਆ ਹੀ ਨਾ ਧਰਤੀ ਉੱਤੇ, ਬਿਨ ਲਿਖਿਆਂ ਜੋ ਬਾਤ
ਸੁਣਾਵੇ ,ਸ਼ਹਿਦ ਕਟੋਰੀ ਨਾਲੋਂ ਮਿੱਠੀ।
ਗੁਰਭਜਨ ਗਿੱਲ


ਵਿਹੜੇ ਦੇ ਵਿੱਚ ਬੀਜੀਆਂ ਰੀਝਾਂ, ਬਿਰਖ਼ ਮੁਹੱਬਤਾਂ
ਵਾਲੇ। ਪਰ ਇਨ੍ਹਾਂ ਨੂੰ ਫੁੱਲ ਕਿਉਂ ਪੈਂਦੇ, ਹਰ ਮੌਸਮ ਵਿੱਚ
ਕਾਲੇ। ਹੰਸਣੀਆਂ ਤਿਰਹਾਈਆਂ ਰੀਝਾਂ, ਕੂੰਜੜੀਆਂ
ਦੀਆਂ ਡਾਰਾਂ, ਬੇਕਦਰਾ ਤੂੰ ਵੇਖ ਨਜ਼ਰ ਭਰ, ਲਾਹ
ਅੱਖੀਆਂ ਦੇ ਜਾਲੇ। ਗੁਰਭਜਨ ਗਿੱਲ



ਹੁਣੇ ਹੁਣੇ ਤੂੰ ਯਾਦ ਸੀ ਕੀਤਾ, ਪਹੁੰਚ ਗਿਆ ਹਾਂ। ਵੇਖ
ਜ਼ਰਾ ਮੈਂ ਤੇਰੇ ਦਿਲ ਵਿੱਚ, ਧੜਕ ਰਿਹਾ ਹਾਂ। ਬਣ ਗਈ
ਮੇਰੀ ਕਵਿਤਾ, ਹੁਣ ਤੂੰ ਰੂਪ ਬਦਲ ਕੇ, ਚਿਤਵਦਿਆਂ ਮੈਂ
ਧੁਰ ਅੰਦਰ ਤੱਕ, ਮਹਿਕ ਗਿਆ ਹਾਂ। ਗੁਰਭਜਨ ਗਿੱਲ



ਰੂਪ ਸਰੂਪ ਨਕਸ਼ਿਆਂ ਤੋਂ ਬਿਨ, ਦਿਲ ਤੋਂ ਦਿਲ ਨੂੰ ਰਾਹ ਹੁੰਦੇ ਨੇ। ਸੌਖਾ ਨਹੀਂ ਮਹਿਸੂਸ ਕਰਨ ਇਹ, ਇੱਕ ਧੜਕਣ ਦੋ ਸਾਹ ਹੁੰਦੇ ਨੇ। ਫੁੱਲ ਪੱਤੀਆਂ ਵਿੱਚ ਜਿਉਂ, ਖ਼ੁਸ਼ਬੋਈ ਅਣਦਿਸਦੀ, ਪਰ ਹਾਜ਼ਰ ਹੋਵੇ, ਪੌਣਾਂ ਦੇ ਮਦਮਸਤ ਫੁਹਾਰੇ, ਇਸਦੇ ਅਸਲ ਗਵਾਹ ਹੁੰਦੇ ਨੇ।

ਗੁਰਭਜਨ ਗਿੱਲ



ਤੇਰੇ ਲਈ ਦਰਿਆ ਹੈ ਰਾਵੀ, ਮੇਰੇ ਲਈ ਇਹ ਦੇਸ
ਵੀਰਿਆ। ਧਰਮੀ ਬਾਬਲ, ਮਾਂ ਹੈ ਰਾਵੀ, ਇਸ ਓਹਲੇ
ਪਰਦੇਸ ਵੀਰਿਆ। ਤੂੰ ਕੀ ਜਾਣੇਂ ਡੇਹਰੇ ਜਾ ਕੇ, ਕੀ ਕੁਝ
ਟੁੱਟਦਾ ਮੇਰੇ ਅੰਦਰੋਂ, ਪੂਰਾ ਪੱਥਰ ਹੋਇਆ ਨਹੀਂ ਮੈਂ,
ਹਾਲੇ ਅੰਦਰ ਲੇਸ ਵੀਰਿਆ। ਗੁਰਭਜਨ ਗਿੱਲ


ਦਿਨ ਚੜ੍ਹਿਆਂ ਤੇ ਵੇਖੀ ਜਦ ਮੈਂ, ਚੰਨ ਦੇ ਟੂਕੜੇ ਸਿਰ
ਫ਼ੁਲਕਾਰੀ। ਇਉਂ ਲੱਗਿਆ ਰੱਬ ਵਿਹਲੇ ਬਹਿ ਕੇ, ਤੇਰੀ
ਸੂਰਤ ਆਪ ਸ਼ਿੰਗਾਰੀ। ਬਿਨ ਮੰਗੇ ਤੋਂ ਏਨੀ ਰਹਿਮਤ,
ਮੇਰੀ ਨਿੱਕੀ ਝੋਲੀ ਅੰਦਰ, ਮਹਿਕ ਗਿਆ ਹੈ ਤਨ ਮਨ
ਮੇਰਾ, ਮਿਹਰ ਤੇਰੀ ਸਦਕੇ ਬਲਿਹਾਰੀ।
ਗੁਰਭਜਨ ਗਿੱਲ


ਸਿਰ ਤੇ ਲੈ ਬੱਦਲਾਂ ਦੀ ਚੁੰਨੀ, ਆ ਅੰਬਰ ਵਿੱਚ ਪੀਂਘ
ਚੜ੍ਹਾਈਏ। ਅਨਹਦ ਨਾਦ ਵਜਾਈਏ ਰੂਹ ਦਾ, ਪੌਣਾਂ ਨੂੰ
ਗਲਵੱਕੜੀ ਪਾਈਏ। ਜੇ ਬਦਰੰਗਾ ਮੌਸਮ ਚੰਦਰਾ,
ਸਾਹੀਂ ਬੇਵਿਸ਼ਵਾਸੀ ਘੋਲ਼ੇ, ਆਪਣੇ ਰੰਗ ਦੀ ਡੱਬੀ ਵਿੱਚੋਂ
ਇੱਕ ਦੋ ਬੁਰਸ਼ ਅਸੀਂ ਵੀ ਲਾਈਏ। ਗੁਰਭਜਨ ਗਿੱਲ



ਸੁਰਖ਼ ਗੁਲਾਬਾਂ ਦੇ ਮੌਸਮ ਵਿੱਚ, ਫ਼ੁੱਲਾਂ ਦੇ ਰੰਗ ਕਾਲ਼ੇ
ਕਿਉਂ ਨੇ। ਵੇਖਣ ਵਾਲੀ ਅੱਖ ਦੇ ਅੰਦਰ, ਏਨੇ ਗੂੜ੍ਹੇ ਜਾਲ਼ੇ
ਕਿਉਂ ਨੇ। ਸਾਲ ਅਠੱਤਰ ਦੇਸ਼ ਆਜ਼ਾਦੀ ,ਜਿਹੜੇ
ਟੱਬਰਾਂ ਰਲ਼ ਕੇ ਚੁੰਘੀ, ਨੀਤਾਂ ਵਾਲੇ ਖ਼ਾਲਮ ਖ਼ਾਲੀ,
ਅੱਜ ਤੀਕਰ ਵੀ ਆਲ਼ੇ ਕਿਉਂ ਨੇ। ਗੁਰਭਜਨ ਗਿੱਲ


ਅੱਗ ਅੰਦਰ ਘਿਰਿਆ ਜੰਗਲ ਸੀ,ਆਪਾਂ ਤਾਂ ਫਿਰ ਵੀ
ਖਿੜਦੇ ਰਹੇ। ਮਿੱਟੀ ਸੀ ਅੰਗ ਸੰਗ ਮਾਂ ਮੇਰੀ,ਹਰ
ਮੌਸਮ ਨਾਲ ਹੀ ਭਿੜਦੇ ਰਹੇ।ਕੀ ਕਰਦੇ ਨਜ਼ਰੋਂ ਟੀਰਿਆਂ
ਦਾ ਜੋ ਰੁੱਤ ਬਸੰਤ ਨਾ ਮਾਣ ਸਕੇ,ਆਪਣੀ ਹੀ ਅੱਗ
ਵਿੱਚ ਸੜਦੇ ਰਹੇ, ਸਾਡੀ ਚੜ੍ਹਤਲ ਤੇ ਚਿੜਦੇ ਰਹੇ।
ਗੁਰਭਜਨ ਗਿੱਲ



ਅੱਗ ਬਗੂਲਾ ਹੋਇਆ ਫਿਰਦੈਂ ਸੌ ਦੀ ਇੱਕ ਸੁਣਾਵਾਂ
ਬੰਦਿਆ ।ਭਟਕਣ ਵਿੱਚ ਮਨ ਜਦ ਵੀ ਥਿੜਕੇ ਖਿੱਚ ਕੇ
ਰੱਖ ਇੱਛਾਵਾਂ ਬੰਦਿਆ ।ਸਹਿਜ-ਮਤੇ ਜਦ ਟਿਕ ਜਾਵੇ
ਇਹ ਹਰ ਮਸਲਾ ਹੱਲ ਹੋ ਜਾਂਦਾ ਹੈ,ਉੱਬਲਦੇ ਪਾਣੀ
ਵਿੱਚ ਤਪਿਆਂ ਦਿਸਦਾ ਨਹੀਂ ਪਰਛਾਵਾਂ ਬੰਦਿਆ ।
ਗੁਰਭਜਨ ਗਿੱਲ


ਭਲਕ ਸੰਵਾਰਨ ਖ਼ਾਤਿਰ ਵੀਰੋ ਅੱਜ ਹੀ ਖ਼ੂਬ ਤਿਆਰੀ
ਕਰਨਾ। ਜੇ ਨਾ ਅੱਜ ਸੌਰਿਆ ਸਾਡਾ ਕੱਲ੍ਹ ਪੈਣਾ ਏਂ ਹੌਕਾ
ਭਰਨਾ। ਬੀਤਿਆ ਕੱਲ੍ਹ ਸੀ ਅੱਜ ਦਾ ਨਕਸ਼ਾ ਅੱਜ ਨੇ
ਕੱਲ੍ਹ ਦੇ ਨਕਸ਼ ਬਣਾਉਣੇ, ਤ੍ਰੈਕਾਲਕ ਜੇ ਨਜ਼ਰ ਨਜ਼ਰੀਆ
ਫੇਰ ਮੁਸੀਬਤ ਤੋਂ ਕੀ ਡਰਨਾ। ਗੁਰਭਜਨ ਗਿੱਲ


ਖ਼ਬਰ ਨਹੀਂ ਉਹ ਬੰਦੇ ਸੀ ਜਾਂ ਨਿਰੇ ਦੇਵਤੇ ਪਿਛਲੇ ਯੁੱਗ
ਦੇ। ਮੂੰਹੋਂ ਕੱਢੀ ਬਾਤ ਨਾਲ ਸੀ, ਸਿਰ ਤੋਂ ਪੈਰਾਂ ਤੀਕਰ
ਪੁੱਗਦੇ। ਹੁਣ ਤਾਂ ਬੇੜਾ ਬੈਠ ਗਿਆ ਹੈ, ਇੱਕੋ ਜੀਭ ਕਰੇ
ਦੋ ਗੱਲਾਂ, ਕੰਡੇ, ਭੱਖੜਾ ਉੱਗਿਆ ਅੰਦਰ,ਮਨ ਵਿੱਚ
ਕਦੇ ਗੁਲਾਬ ਨਾ ਉੱਗਦੇ। ਗੁਰਭਜਨ ਗਿੱਲ


ਡਰ ਤੇ ਸਹਿਮ ਬੜਾ ਚਿਰ ਹੋਇਆ ਮੈਂ ਤਾਂ ਆਪਣੀ ਰੂਹੋਂ
ਕੱਢਿਆ। ਸੱਜਣ ਬੇਲੀ ਸਾਂਭ ਲੈਣਗੇ ਜਦ ਵੈਰੀ ਨੇ ਜੜ੍ਹ
ਤੋਂ ਵੱਢਿਆ। ਇਹ ਵਿਸ਼ਵਾਸ ਸਹਾਰਾ ਸ਼ਕਤੀ ਧਰਤੀ
ਦੀ ਮਰਯਾਦਾ ਏਹੀ, ਕਦੇ ਨਾ ਤਰਿਆ ਓਹੀ ਮਰਿਆ
ਜਿਸ ਨੇ ਇਸਦਾ ਪੱਲਾ ਛੱਡਿਆ।
ਗੁਰਭਜਨ ਗਿੱਲ


ਗੁਲਦਸਤਾ ਤਾਂ ਦੇ ਚੱਲਿਆ ਹੈਂ ਮਿਲਣ ਲਈ ਵੀ
ਆਇਆ ਕਰ ਤੂੰ। ਦਿਲ ਨਹੀਂ ਭਰਦਾ ਰਸਮੀਂ ਹੋਇਆਂ
ਨੰਗੇ ਮੂੰਹ ਮਿਲ ਜਾਇਆ ਕਰ ਤੂੰ। ਦਿਲ ਤੋਂ ਦਿਲ ਨੂੰ
ਸੜਕ ਬਣਾ ਕੇ ਸਿੱਧੇ ਆਇਆ ਜਾਇਆ ਕਰੀਏ, ਦੇਖ
ਦਿਖਾਵਾ ਭਰਮ ਛਲਾਵਾ ਵਿੰਗ ਵਲ਼ ਨਾ ਹੀ ਪਾਇਆ
ਕਰ ਤੂੰ। ਗੁਰਭਜਨ ਗਿੱਲ


ਜੇ ਵਿਸ਼ਵਾਸ ਪਕੇਰਾ ਹੋਵੇ ਚੁੱਪ ਵੀ ਗੱਲ ਸਮਝਾ ਜਾਂਦੀ
ਹੈ। ਬੇ ਵਿਸ਼ਵਾਸੀ ਬੋਲਣ ਤੇ ਵੀ ਗੱਲ ਨੂੰ ਕਰ ਗੁੰਮਰਾਹ
ਜਾਂਦੀ ਹੈ। ਰਿਸ਼ਤਿਆਂ ਦੀ ਰੂਹ ਪੜ੍ਹਦੇ ਵੇਲੇ ਇਹ ਗੱਲ
ਨਾ ਤੂੰ ਕਦੇ ਵਿਸਾਰੀਂ, ਭਰਮਾਂ ਵਾਲੀ ਅਮਰ ਵੇਲ ਤਾਂ
ਬਿਰਖ਼ ਸਬੂਤੇ ਖਾ ਜਾਂਦੀ ਹੈ। ਗੁਰਭਜਨ ਗਿੱਲ



ਖ਼ਤ ਲਿਖਿਆ ਤੂੰ, ਪੜ੍ਹਿਆ ਮੈਂ ਵੀ ਹਿੰਮਤ ਕਰਕੇ। ਕਿੱਦਾਂ
ਦੱਸਾਂ, ਬੀਤ ਰਹੀ ਹਟਕੋਰੇ ਭਰ ਕੇ। ਜਿੱਥੇ ਲਿਖਣੀ ਛੱਡ
ਗਿਆ ਸੀ, ਪਾਟੀ ਚਿੱਠੀ, ਉਸ ਤੋਂ ਅੱਗੇ ਸਾਰੇ ਹੀ ਨੇ
ਕੋਰੇ ਵਰਕੇ। ਗੁਰਭਜਨ ਗਿੱਲ



ਅੰਕੜਿਆਂ ਦੀ ਚਕਾਚੌਂਧ ਵਿੱਚ,ਬੰਦਾ ਕਿਤੇ ਗੁਆਚ
ਗਿਆ ਹੈ। ਮਨ ਦਾ ਚੈਨ ਵੀ ਏਸੇ ਕਰਕੇ,ਏਥੋਂ ਪੱਤਰਾ
ਵਾਚ ਗਿਆ ਹੈ, ਬੇਵਤਨੇ ਮਨ ਕਾਰਨ ਹੁਣ ਤਾਂ, ਚੌਵੀ
ਘੰਟੇ ਭੈ ਦਾ ਆਲਮ, ਕਿੰਨੇ ਵਿੱਚ ਮੈਂ ਵਿਕ ਸਕਦਾ ਹਾਂ,
ਹਾਕਮ ਮੈਨੂੰ ਜਾਚ ਗਿਆ ਹੈ। ਗੁਰਭਜਨ ਗਿੱਲ


ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ
ਤੇਰੇ। ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ
ਵੱਸ ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ
ਫੁੱਲ ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ,
ਜਗਮਗ ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ


ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ
ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ
ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ
ਭਾਵੇਂ ,ਏਸ ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ
ਰੁਸ਼ਨਾਉਣ ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ।
ਗੁਰਭਜਨ ਗਿੱਲ


ਯਾਰ ਪਿਆਰੇ ਜਦ ਤੁਰ ਜਾਂਦੇ, ਧਰਤੀ ਸੱਖਣੀ ਕਰ
ਜਾਂਦੇ ਨੇ। ਰੂਹ ਦੇ ਛਾਲੇ ਫਿੱਸਦੇ ਮਗਰੋਂ,ਉਸ ਤੋਂ ਪਹਿਲਾਂ
ਭਰ ਜਾਂਦੇ ਨੇ। ਅਗਨ ਭੇਟ ਜਿਸਮਾਂ ਨੂੰ ਕਰੀਏ,ਜਲ
ਪ੍ਰਵਾਹੀਏ ਫਿਰ ਵੀ ਜ਼ਿੰਦਾ, ਰੂਹ ਦੀ ਨੁੱਕਰੇ ਰੋਜ਼
ਬੋਲਦੇ ,ਕੌਣ ਕਹੇ ਉਹ ਮਰ ਜਾਂਦੇ ਨੇ। ਗੁਰਭਜਨ ਗਿੱਲ


ਹੱਕ ਸੱਚ ਤੇ ਇਨਸਾਫ਼ ਦੀ ਖ਼ਾਤਰ ਹਰ ਯੁਗ ਸੂਰਾ
ਸੂਲ਼ੀ ਚੜ੍ਹਦਾ। ਫਿਰ ਵੀ ਉਸ ਦੀ ਦਿੱਤੀ
ਸਿੱਖਿਆ,ਖੁਟਰ ਜ਼ਮਾਨਾ ਕਿਉਂ ਨਹੀਂ ਪੜ੍ਹਦਾ। ਇੱਕ
ਸੈਂਕੜੇ ਵਿੱਚੋਂ ਪੰਜ ਛੇ ਕੁਰਸੀਧਾਰੀ ਕਰਨ ਖ਼ੁਆਰੀ,
ਸਦੀਆਂ ਬੀਤਣ ਬਾਦ ਅਜੇ ਵੀ ਤਿਲਕਦਿਆਂ ਦਾ ਪੈਰ
ਨਾ ਅੜਦਾ। ਗੁਰਭਜਨ ਗਿੱਲ


ਵੇਖੋ, ਮਹਿਮਾਨ ਬਣ ਖਿੜੇ ਫੁੱਲ ਆਏ ਨੇ। ਸੁਪਨੇ
ਹੁਸੀਨ ਵੀ ਇਹ ਨਾਲ ਲੈ ਕੇ ਆਏ ਨੇ। ਸੂਰਜੇ ਦੀ
ਜਾਪਦੈ ਸੰਧੂਰਦਾਨੀ ਟੁੱਟ ਗਈ, ਅੰਬਰਾਂ ਨੇ ਤਾਹੀਂ ਵੇਸ
ਜੋਗੀਆ ਬਣਾਏ ਨੇ। ਗੁਰਭਜਨ ਗਿੱਲ


ਪੁੱਟ ਕੇ ਕਿਆਰੀਆਂ 'ਚੋਂ ਹੱਟੀਆਂ ਤੇ ਆ ਗਿਆ। ਵਿਕ
ਜਾਣੈਂ ਜਿਸ ਪੈਸੇ ਵਾਲੇ ਤਾਈਂ ਭਾ ਗਿਆ। ਜਿਸ ਨੇ
ਉਗਾਏ ਫੁੱਲ ਠੰਢੇ ਹਾਉਕੇ ਭਰਦਾ, ਲੱਗ ਕੇ ਬਾਜ਼ਾਰ
ਪਿੱਛੇ, ਕਿੱਥੋਂ ਕਿੱਥੇ ਆ ਗਿਆ। ਗੁਰਭਜਨ ਗਿੱਲ



ਸੁੱਚੀਆਂ ਮੁਹੱਬਤਾਂ ਦਾ ਹੁੰਦਾ ਕੋਈ ਨਾਂ ਨਹੀਂ। ਮਹਿਕ ਨੂੰ
ਲੋੜੀਂਦੀ ਸੂਈ-ਨੱਕੇ ਜਿੰਨੀ ਥਾਂ ਨਹੀਂ। ਧਰਤੀ, ਜ਼ਬਾਨ,
ਤੀਜੀ ਮਾਂ-ਰਾਣੀ ਦੋਸਤੋ! ਇਨ੍ਹਾਂ ਨਾਲੋਂ ਦੁਨੀਆਂ ਤੇ ਠੰਢੀ
ਮਿੱਠੀ ਛਾਂ ਨਹੀਂ। ਗੁਰਭਜਨ ਗਿੱਲ



ਕੁਦਰਤ ਰਹਿਮਤ ਕਰ ਜਾਂਦੀ ਹੈ। ਝੋਲ ਫੁੱਲਾਂ ਸੰਗ ਭਰ
ਜਾਂਦੀ ਹੈ। ਪੱਤਝੜ ਵਕਤ ਉਦਾਸ ਨਾ ਹੋਵੀਂ, ਰੁੱਤ
ਇਕਰਾਰ ਵੀ ਕਰ ਜਾਂਦੀ ਹੈ। ਗੁਰਭਜਨ ਗਿੱਲ



ਮਿਲਿਆ ਸੀ ਯਾਰ ਤਾਂ ਸੰਧੂਰੀ ਰੰਗ ਹੋ ਗਿਆ। ਹੱਕ
ਸੀ ਪੁਰਾਣਾ ਐਵੇਂ ਦਿਲ ਮੰਗ ਹੋ ਗਿਆ। ਸੋਚਿਆ ਨਹੀਂ
ਸੀ, ਇਨਕਾਰ ਕਦੇ ਹੋਏਗਾ, ਵੇਖ ਤੂੰ, ਮਾਸੂਮ ਦਿਲ
ਸੂਲ਼ੀ ਟੰਗ ਹੋ ਗਿਆ। ਗੁਰਭਜਨ ਗਿੱਲ


ਮੇਰੀ ਹੈ ਸਲਾਮ ਸੂਹੀ ਸੱਜਰੀ ਸਵੇਰ ਨੂੰ। ਸੂਰਜੇ ਦੀ
ਟਿੱਕੀ ਵੇਖ ਫ਼ੈਲ ਗਈ ਚੁਫ਼ੇਰ ਨੂੰ। ਆਓ! ਏਸ ਧਰਤੀ ਨੂੰ
ਸਾਂਭੀਏ ਸੰਵਾਰੀਏ, ਨਾਲ ਹੀ ਮੁਕਾਈਏ ਆਪਾਂ ਮਨਾਂ
ਦੇ ਹਨ੍ਹੇਰ ਨੂੰ। ਗੁਰਭਜਨ ਗਿੱਲ


ਸ਼ਬਦ ਵਿਚਾਰੇ ਵਖ਼ਤਾਂ ਮਾਰੇ, ਜਿਉਣ ਵਸੀਲਾ ਟੋਲ ਰਹੇ
ਨੇ। ਮਿੱਟੀ ਵਿੱਚੋਂ ਆਪਣੀ ਕਿਸਮਤ ਸਦੀਆਂ ਤੋਂ ਹੀ ਫੋਲ
ਰਹੇ ਨੇ। ਸਰਬ ਸਮੇਂ ਦੇ ਚਾਤਰ ਹਾਕਮ ,ਧਰਮ ਕਰਮ ਦਾ
ਓਹਲਾ ਕਰਕੇ, ਅੰਨ੍ਹੀ ਰੱਯਤ ਗਿਆਨ ਵਿਹੂਣੀ ਪੈਰਾਂ
ਹੇਠ ਮਧੋਲ ਰਹੇ ਨੇ। ਗੁਰਭਜਨ ਗਿੱਲ


ਅੱਜ ਬੱਦਲਾਂ ਦਾ ਰੰਗ ਸੁਨਹਿਰੀ ਸੂਰਜ ਖੁਰ ਕੇ
ਰਲ਼ਿਆ ਜਾਪੇ। ਇੱਕ ਨੁੱਕਰ ਵਿੱਚ ਧੁੱਪ ਦੀ ਕਾਤਰ
ਸੁਰਖ਼ ਦੰਦਾਸਾ ਮਲ਼ਿਆ ਜਾਪੇ। ਦਿਨ ਨਹੀਂ ਖਿੜਿਆ
ਪਹਿਲਾਂ ਵਾਂਗਰ, ਗੜਬੜ ਜਾਪ ਰਹੀ ਏ ਮੈਨੂੰ, ਸਾਡਾ
ਸੂਰਜ ਚਾਰ ਚੁਫ਼ੇਰਿਓਂ ਬੱਦਲ ਤੇ ਧੁੰਦ ਵਲ਼ਿਆ ਜਾਪੇ।
ਗੁਰਭਜਨ ਗਿੱਲ


good morning
ਮੈਂ ਸੂਰਜ ਨੂੰ ਵਿੱਚ ਕਲਾਵੇ ਭਰ ਸਕਦਾ ਹਾਂ। ਧਰਤੀ ਮਾਂ
ਦੇ ਚਰਨਾਂ ਅੱਗੇ ਧਰ ਸਕਦਾ ਹਾਂ। ਇਹ ਹਿੰਮਤ ਵੀ ਮੈਨੂੰ
ਮੇਰੇ ਮਾਪਿਆਂ ਬਖ਼ਸ਼ੀ, ਜਿਹੜੇ ਵੇਲੇ ਜੋ ਵੀ ਚਾਹਾਂ, ਕਰ
ਸਕਦਾ ਹਾਂ। ਗੁਰਭਜਨ ਗਿੱਲ



ਵੇਖ ਫੁੱਲ ਵੀ ਖਲੋਤੇ ਅੱਜ ਬੰਨ੍ਹ ਕੇ ਕਤਾਰ। ਸਾਡੀ
ਧਰਤੀ-ਮਾਂ ਬੈਠੀ ਜੀਕੂੰ ਕਰਕੇ ਸ਼ਿੰਗਾਰ। ਚਲੋ ਏਸ ਨੂੰ
ਮੁਹੱਬਤਾਂ ਦਾ ਖਾਦ, ਪਾਣੀ ਪਾਉ, ਆਊ ਸਾਡੇ ਘਰ ਏਸ
ਤਰ੍ਹਾਂ ਮਹਿਕਦੀ ਬਹਾਰ। ਗੁਰਭਜਨ ਗਿੱਲ


ਚੰਗੇ ਮਾੜੇ ਦਿਨ ਦੀ ਸੱਜਣੋ ਕਿਤੇ ਨਹੀਂ ਪਰਿਭਾਸ਼ਾ।
ਖਿੜਿਆ ਤੇ ਮਹਿਕੰਦੜਾ ਹਰ ਪਲ ਜੇਕਰ ਪੱਲੇ ਆਸ਼ਾ।
ਸੋਚ ਵਿਚਾਰ ਦਾ ਅੱਥਰਾ ਘੋੜਾ ਜੇਕਰ ਹੋਵੇ ਕਾਬੂ,
ਮੀਲਾਂ ਤੀਕ ਨਾ ਢੁਕਦੀ ਨੇੜੇ, ਢਹਿੰਦੀ ਕਲਾ, ਨਿਰਾਸ਼ਾ।
ਗੁਰਭਜਨ ਗਿੱਲ


ਏਸ ਤਰ੍ਹਾਂ ਹੀ ਖਿੜ ਖਿੜ ਕੇ ਤੂੰ ਹੱਸਿਆ ਕਰ। ਹੋਰ ਕਿਸੇ
ਦੀ ਸੁਣ ਕੇ,ਆਪਣੀ ਦੱਸਿਆ ਕਰ। ਜ਼ਿੰਦਗੀ ਫੇਰ
ਦੋਬਾਰਾ ਕਿੱਥੇ ਮਿਲਣੀ ਹੈ, ਕਿਣ ਮਿਣ ਕਿਣ ਮਿਣ
ਤਪਦੀ ਰੂਹ 'ਤੇ ਵੱਸਿਆ ਕਰ। ਗੁਰਭਜਨ ਗਿੱਲ



ਕੁਦਰਤ ਰਾਣੀਏ! ਤੂੰ ਏਨਾ ਕੰਮ ਕਰ ਦੇ। ਸਾਹਾਂ 'ਚ
ਸੁਗੰਧੀਆਂ ਤੇ ਰੰਗ ਸੋਹਣਾ ਭਰ ਦੇ। ਜਿੱਥੇ ਜਿੱਥੇ
ਜ਼ਿੰਦਗੀ ਉਦਾਸ ਤੇ ਖ਼ਾਮੋਸ਼ ਹੈ, ਉੱਥੇ ਉੱਥੇ ਬੁੱਤਾਂ ਨੂੰ
ਜਿਉਣ ਜੋਗਾ ਕਰ ਦੇ। ਗੁਰਭਜਨ ਗਿੱਲ


ਫੁੱਲਾਂ ਦੀ ਸੰਭਾਲ਼ ਵੀ ਤਾਂ ਸਾਡੀ ਜ਼ਿੰਮੇਵਾਰੀ ਹੈ। ਘਰ
ਵਿਚ ਲਾਈ ਜੇ ਗ਼ੁਲਾਬ ਦੀ ਕਿਆਰੀ ਹੈ। ਏਸ ਦਾ
ਖ਼ਿਆਲ ਕਰੂ ਕੌਣ ਹੁਣ ਮਾਲਕੋ! ਧਰਤੀ, ਜ਼ਬਾਨ, ਤੁਸੀਂ
ਜਣਨੀ ਵਿਸਾਰੀ ਹੈ। ਗੁਰਭਜਨ ਗਿੱਲ


ਰੂਹ ਦਾ ਗੁਲਾਬ ਖਿੜੇ ਸੱਜਰੀ ਸਵੇਰ ਨਾਲ। ਪਰ ਏਨੀ
ਗੱਲ ਪੱਲੇ, ਪਵੇ ਪਰ ਦੇਰ ਨਾਲ। ਬੰਦੇ ਨਾਲ ਬੰਦੇ ਦੀ
ਲੜਾਈ,ਕਦੇ ਮੁੱਕੇ ਨਾ, ਲੜਨੈਂ ਤਾਂ ਲੜੋ ਯਾਰੋ,ਮਨ ਦੇ
ਹਨ੍ਹੇਰ ਨਾਲ। ਗੁਰਭਜਨ ਗਿੱਲ


ਰਾਹ ਕੰਡਿਆਲੇ ਮੱਲਣ ਦਾ ਫ਼ਲ, ਦਰਦ ਪਿਆਲੇ ਭਰ
ਜਾਂਦੇ ਨੇ। ਦਰਦ ਪਿਆਲੇ ਮੱਥਿਆਂ ਅੰਦਰ ਸਬਕ
ਸਦੀਵੀ ਧਰ ਜਾਂਦੇ ਨੇ। ਸਬਕ-ਸਦੀਵੀ ਕਦਮ ਕਦਮ ਤੇ
ਹਿੰਮਤ ਬਣ ਅਗਵਾਈ ਕਰਦੇ, ਹਿੰਮਤੀ ਬੰਦੇ ਕਿਸ ਤੋਂ
ਰੁਕਦੇ,ਹਰ ਮੰਜ਼ਿਲ ਨੂੰ ਵਰ ਜਾਂਦੇ ਨੇ। ਗੁਰਭਜਨ ਗਿੱਲ



ਆ ਜਾ ਮਿਲੀਏ ਇੱਕ ਦੂਜੇ ਨੂੰ, ਵਿੱਛੜਿਆਂ ਨੂੰ ਜੁੱਗੜੇ ਬੀਤੇ। ਵਕਤ ਬੜੀ ਬੇਰਹਿਮੀ ਵਰਤੀ, ਸਾਡੇ ਦੋਹਾਂ ਦੇ ਬੁੱਲ੍ਹ ਸੀਤੇ। ਧਰਤੀ ਤੌਰ ਤਰੀਕਾ ਦੱਸਿਆ, ਚੁੱਪ ਨਾ ਬੈਠੋ, ਫੁੱਲ ਬਣ ਜਾਉ, ਸਾਰੇ ਕੌਲ ਨਿਭਾਈਏ ਆਪਾਂ, ਪਿਲਕਣ ਛਾਵੇਂ ਜੋ ਸੀ ਕੀਤੇ।

ਗੁਰਭਜਨ ਗਿੱਲ



ਨੇਤਰਹੀਣਾਂ ਦੀ ਬਸਤੀ ਵਿੱਚ ਅੰਨ੍ਹਿਆਂ ਵਾਂਗ ਪਵੇਗਾ ਰਹਿਣਾ। ਆਪਣੀ ਜਗਦੀ ਜੋਤ ਕਦੇ ਵੀ ਇਸ ਨਗਰੀ ਵਿੱਚ ਦੱਸ ਨਾ ਬਹਿਣਾ। ਦੋਵੇਂ ਅੱਖਾਂ ਨੋਚ ਲੈਣਗੇ, 'ਨੇਰ੍ਹ ਨਗਰ ਦੇ ਚੌਪਟ ਰਾਜੇ, ਸਾਵਧਾਨ ਜੀ! ਅੱਖੀਆਂ ਵਾਲਿਉ, ਮੈਨੂੰ ਫਿਰ ਮਗਰੋਂ ਨਾ ਕਹਿਣਾ।

ਗੁਰਭਜਨ ਗਿੱਲ


ਥੱਕ ਚੱਲੇ ਹਾਂ, ਰੋਜ਼ ਵਜਾਉਂਦੇ, ਦਰਦਾਂ ਦੀ ਸ਼ਹਿਨਾਈ ਨੂੰ
। ਫਿਰ ਵੀ ਰਾਹਤ ਮਿਲਦੀ ਨਹੀਓਂ, ਰੂਹ ਵਿਚਲੀ
ਤਨਹਾਈ ਨੂੰ । ਇੱਕੋ ਚਾਰ ਦੀਵਾਰੀ ਅੰਦਰ, ਆਪੋ
ਆਪਣੇ ਕਮਰੇ ਨੇ ਪਰ, ਖੁੱਲ੍ਹਣ ਤੋਂ ਇਨਕਾਰੀ ਸਾਰੇ,
ਮਨ 'ਤੇ ਜੰਦਰੀ ਲਾਈ ਨੂੰ। ਗੁਰਭਜਨ ਗਿੱਲ


ਅੰਗ ਸੰਗ ਤੇਰੇ ਹਰ ਪਲ ਮੈਂ ਹਾਂ, ਜਿਸ ਦਿਨ ਦਾ ਰੱਬ
ਮੈਨੂੰ ਕਹਿ ਗਿਆ। ਸੱਚੀ ਗੱਲ ਮੈਂ ਓਸੇ ਦਿਨ ਤੋਂ ਚੁੱਪ ਦੀ
ਬੁੱਕਲ ਮਾਰ ਕੇ ਬਹਿ ਗਿਆ। ਓਟ ਆਸਰਾ ਬਹੁਤੀ
ਵਾਰੀ ਪੀ ਜਾਵੇ ਉਤਸ਼ਾਹ ਦਾ ਚਸ਼ਮਾ, ਰੂਹ ਦਾ
ਉੱਡਣਹਾਰ ਪਰਿੰਦਾ ਵੇਖੋ ਢੇਰੀ ਢਾਹ ਕੇ ਬਹਿ ਗਿਆ।
ਗੁਰਭਜਨ ਗਿੱਲ


ਬੇਕਦਰਾਂ ਦਾ ਸੰਗ ਨਾ ਕਰਨਾ ਅੱਕ ਦੇ ਫੁੱਲਾਂ ਆਖਿਆ।
ਧਰਤੀ ਦੇ ਪੁੱਤਰਾਂ ਦੀ ਖ਼ਾਤਰ,ਚੰਗੀ ਨਹੀਂਉਂ ਭਾਖਿਆ।
ਮੇਰਾ ਗੁਣ ਉਪਕਾਰ ਨਾ ਜਾਨਣ ਨਵੇਂ ਬਣੇ ਇਹ
ਸਿਆਣੇ, ਨੀਹਾਂ ਤੇ ਹੀ ਬਣਨ ਮਮਟੀਆਂ ਭੁੱਲੇ ਸਰਲ
ਵਿਆਖਿਆ। ਗੁਰਭਜਨ ਗਿੱਲ


ਮਾਨਣ ਤੋਂ ਦੱਸ ਕਿਹੜਾ ਰੋਕੇ ਜੇ ਇਨ੍ਹਾਂ ਦਾ ਨਾਂ ਨਹੀਂ
ਆਉਂਦਾ। ਪੱਤਾ ਪੱਤਾ ਸੁਹਜ ਸਲੀਕਾ ਸਹਿਜ ਨਾਲ ਸਭ
ਕੁਝ ਸਮਝਾਉਂਦਾ। ਵੱਖਰੀ ਗੱਲ ਹੈ ਸਾਡੇ ਅੰਦਰ ਭਟਕਣ
ਦਾ ਦਿਨ ਰੈਣ ਬਸੇਰਾ, ਏਸੇ ਨੂੰ ਹੀ ਕੱਢਣ ਦੇ ਲਈ
ਬਲਿਹਾਰੀ ਫੁੱਲ ਬਣ ਕੇ ਆਉਂਦਾ। ਗੁਰਭਜਨ ਗਿੱਲ


ਮੇਰੇ ਵੀਰੋ ਆਪਣੇ ਹੱਥੀਂ ਸ਼ੁਭ ਕਰਮਨ ਦਾ ਬੀਜ
ਖਿਲਾਰੋ। ਹਰ ਮਿੱਟੀ ਵਿੱਚ ਉੱਗਣ ਸ਼ਕਤੀ ਪਿਆਰ
ਤਰੌਂਕਾ ਹਰ ਥਾਂ ਮਾਰੋ। ਏਥੇ ਕੁਝ ਨਹੀਂ ਹੋ ਸਕਦਾ ਹੁਣ
ਬਦਲ ਦਿਉ ਬੀਮਾਰ ਨਜ਼ਰੀਆ, ਕੱਲ੍ਹ ਦਾ ਸੂਰਜ
ਵੱਖਰਾ ਹੋਊ ਆਪ ਵੇਖਿਉ ਬਰਖ਼ੁਰਦਾਰੋ।
ਗੁਰਭਜਨ ਗਿੱਲ
180


ਵਾਂਗ ਗੁਲਾਬ ਜੇ ਖਿੜਨਾ ਚਾਹੋ ਕੰਡਿਆਂ ਦੇ ਸੰਗ
ਰਹਿਣਾ ਸਿੱਖੋ। ਅੰਦਰਲਾ ਵਿਸਮਾਦ ਸੁਣਨ ਲਈ ਰੂਹ
ਦੇ ਸਨਮੁਖ ਬਹਿਣਾ ਸਿੱਖੋ। ਪਾਣੀ ਪੌਣ ਤੇ ਮਿੱਟੀ ਰਲ਼ ਕੇ
ਸਾਡੇ ਲਈ ਸੰਸਾਰ ਸਿਰਜਦੇ, ਸਾਨੂੰ ਸਬਕ ਪੜ੍ਹਾਉਂਦੇ
ਹਰ ਪਲ ਦਿਲ ਦੇ ਅੰਦਰ ਲਹਿਣਾ ਸਿੱਖੋ।
ਗੁਰਭਜਨ ਗਿੱਲ


ਕਦੇ ਇਕੱਲੇ ਬਹਿ ਕੇ ਨਾ ਪੁੱਤ ਹੌਕੇ ਭਰਨਾ। ਜੇ
ਪਰਛਾਵਾਂ ਛੱਡ ਜੇ,ਮੈਨੂੰ ਚੇਤੇ ਕਰਨਾ। ਖੁਸ਼ੀਆਂ ਵੇਲੇ
ਸਭ ਦੇ ਹੁੰਦੇ ਯਾਰ ਬਥੇਰੇ, ਅੰਗ ਸੰਗ ਤੇਰੇ ਮੈਂ ਹਾਂ ਤੂੰ
ਭੋਰਾ ਨਹੀਂ ਡਰਨਾ। ਗੁਰਭਜਨ ਗਿੱਲ


ਹਰ ਪਲ ਆਖਣ ਬੰਦਿਆ ਟਿਕ ਟਿਕ, ਤੂੰ ਕਿਉਂ ਇੰਜ
ਰਫ਼ਤਾਰਾਂ ਫੜੀਆਂ । ਸਹਿਜ, ਸਬਰ, ਸੰਤੋਖ
ਗੁਆਇਆ ਮਗਰ ਤੇਰੇ ਜਿਉਂ ਵਾਹਰਾਂ ਚੜ੍ਹੀਆਂ ।
ਘੋੜ ਸਵਾਰ ਰਹੇਂ ਤੂੰ ਹਰ ਪਲ, ਘਰ ਤੋਂ ਘਰ ਦਾ ਸਫ਼ਰ
ਕਰਦਿਆਂ, ਵੇਖ ਲਿਆ ਕਰ, ਵਕਤ ਕਿਵੇਂ ਨੇ, ਕੰਧਾਂ
ਉੱਤੇ ਟੰਗੀਆਂ ਘੜੀਆਂ। ਗੁਰਭਜਨ ਗਿੱਲ


ਨੀਮ ਗੁਲਾਬੀ ਹੋਠਾਂ ਉੱਤੋਂ, ਚੁੱਪ ਦੇ ਜੰਦਰੇ ਖੋਲ੍ਹ ਦਿਆ
ਕਰ । ਦਿਲ ਦੀ ਧੜਕਣ ਜੋ ਕਹਿੰਦੀ ਏ, ਝਿਜਕ ਬਿਨਾ
ਤੂੰ ਬੋਲ ਦਿਆ ਕਰ । ਪਲਕਾਂੰ ਅੰਦਰ ਹੰਝੂ ਵੇਖੀਂ,
ਪੱਥਰ ਨਾ ਹੋ ਜਾਵਣ ਕਿਧਰੇ, ਬਰਸਣ ਗ਼ਮ ਦੇ ਬੱਦਲ
ਜਦ ਵੀ, ਅੱਖੀਆਂ ਥਾਣੀਂ ਡੋਲ੍ਹ ਦਿਆ ਕਰ।
ਗੁਰਭਜਨ ਗਿੱਲ


ਅੰਬਰਾਂ ਵਿਚ ਤਾਰੀ ਲੱਗਣੀ ਨਹੀਂ, ਜੇ ਖੰਭਾਂ ਵਿਚ
ਪਰਵਾਜ਼ ਨਹੀਂ। ਕਬਰਾਂ ਜਹੀ ਚੁੱਪ ਕਿਉਂ ਚਿਹਰੇ ਤੇ, ਹੈ
ਬੰਦ ਜ਼ਬਾਨ, ਆਵਾਜ਼ ਨਹੀਂ। ਕਾਵਾਂ ਦੀ ਅਸਲ
ਹਕੀਕਤ ਨੂੰ, ਤੂੰ ਜਾਣਦਿਆਂ ਵੀ ਚੁੱਪ ਰਹਿੰਦੈਂ, ਸੱਚ
ਬੋਲਣ ਤੋਂ ਘਬਰਾ ਜਾਣਾ, ਇਸ ਧਰਤੀ ਦਾ ਅੰਦਾਜ਼
ਨਹੀਂ। ਗੁਰਭਜਨ ਗਿੱਲ


ਜੀ ਆਇਆਂ ਨੂੰ ਆਖਣ ਦੇ ਲਈ ਹਰ ਵਾਰੀ ਮੁਸਕਾਨ
ਨਹੀਂ ਹੁੰਦੀ। ਹਰ ਵੰਗਾਰ, ਚੁਣੌਤੀ ਮਿੱਤਰੋ, ਹਰ ਮਨ
ਵਿਚ ਮਹਿਮਾਨ ਨਹੀਂ ਹੁੰਦੀ। ਤੋਪਾਂ ਤੇ ਬੰਦੂਕਾਂ ਭਾਵੇਂ
ਅਜ਼ਲਾਂ ਤੋਂ ਹੀ ਚੱਲ ਰਹੀਆਂ ਨੇ, ਵੇਖ ਲਵੋ ਜੀ ਹਾਕਮ
ਕੋਲੋਂ, ਸੱਚ ਦੀ ਬੰਦ ਜ਼ਬਾਨ ਨਹੀਂ ਹੁੰਦੀ।
ਗੁਰਭਜਨ ਗਿੱਲ




ਜਦੋਂ ਕਦੇ ਮਨ ਵਿਹਲਾ ਹੋਵੇ, ਆਪਣੇ ਨਾਲ ਗੁਫ਼ਤਗੂ ਕਰਿਉ। ਚੁੱਪ ਵੀ ਕਿਸੇ ਕਿਤਾਬ ਤੋਂ ਘੱਟ ਨਾ,ਇਸ ਦਾ ਪੂਰਨ ਪਾਠ ਤਾਂ ਕਰਿਉ। ਇਸ ਦੀ ਤਹਿ ਦੇ ਥੱਲੇ ਕਿੰਨੇ, ਅਣਵਿੱਧ ਮੋਤੀ ਪਏ ਅਣਫ਼ੋਲੇ, ਇਹ ਬੇਅੰਤ ਖ਼ਜ਼ਾਨਾ ਦੱਸਿਐ, ਜਦ ਚਾਹੋਗੇ ਝੋਲੀਆਂ ਭਰਿਉ।
ਗੁਰਭਜਨ ਗਿੱਲ


ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ
ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਤੂੰ। ਹੋਰਾਂ ਨੂੰ ਵੀ ਹੋੜ
ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ
ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ
ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ


ਬੀਤ ਗਏ ਨੂੰ ਚੇਤੇ ਕਰਕੇ ਤੂੰ ਬਹੁਤਾ ਪਛਤਾਇਆ ਨਾ
ਕਰ। ਰੋਣ ਨਾਲ ਨਾ ਸੱਜਣ ਮੁੜਦੇ, ਨੈਣੋਂ ਨੀਰ
ਵਹਾਇਆ ਨਾ ਕਰ। ਅੱਜ ਨੂੰ ਸਮਝਣ ਖ਼ਾਤਰ ਜਿਹੜੇ
ਪਲ ਗੁਜ਼ਰਨ ਉਹ ਆਪਣੇ ਹੁੰਦੇ, ਕੱਲ੍ਹ ਨੂੰ ਖ਼ਵਰੇ ਕੀ
ਹੋਵੇਗਾ, ਇਸ ਦਾ ਝੋਰਾ ਲਾਇਆ ਨਾ ਕਰ।
ਗੁਰਭਜਨ ਗਿੱਲ


ਸੂਰਜਮੁਖੀਏ ਫੁੱਲ ਤੇ ਲਿਖ ਕੇ ਸੋਹਣਾ ਤੂੰ ਪੈਗਾਮ
ਭੇਜਿਆ। ਬਿਨ ਸਿਰਨਾਵੇਂ ਚਿੱਠੀ ਮਿਲ ਗਈ ਲਿਖਤੁਮ
ਨਾ ਤੂੰ ਨਾਮ ਭੇਜਿਆ। ਇਸ ਧਰਤੀ ਤੇ ਫਿਰ
ਆਵਾਂਗੇ,ਵੇਖਿਉ ਜਦ ਵੀ ਮੌਸਮ ਆਇਆ , ਰੱਖਿਉ
ਬੀਜ ਸਲਾਮਤ ਮੇਰਾ ਕਿੱਸਾ ਖੋਲ੍ਹ ਤਮਾਮ ਭੇਜਿਆ।
ਗੁਰਭਜਨ ਗਿੱਲ


ਕਿਹੜੇ ਰਾਹੀਂ ਪੈ ਗਈ ਜਿੰਦੇ, ਲੱਗਦਾ ਤੇਰੀ ਸੋਚ
ਭ੍ਰਿਸ਼ਟੀ। ਕਰਮਭੂਮ ਤੇਰੀ ਜੇ ਚਾਹੇਂ,ਬਣ ਸਕਦੀ ਹੈ ਕੁੱਲ
ਸ੍ਰਿਸ਼ਟੀ। ਆਪਣੇ ਤੀਕਰ ਸੀਮਤ ਹੋ ਕੇ ਬਹਿ ਨਾ ਲਾ
ਕੇ ਬਗਲ ਸਮਾਧੀ, ਸਗਲ ਦ੍ਰਿਸ਼ ਹੀ ਬਦਲ ਜਾਣ ਜੇ
ਬੰਦਾ ਬਦਲੇ ਆਪ ਦ੍ਰਿਸ਼ਟੀ। ਗੁਰਭਜਨ ਗਿੱਲ


ਤੋੜਨ ਵਾਲੇ ਬਹੁਤ ਮਿਲਣਗੇ, ਮੇਰੇ ਸੂਹਲ ਦਿਲੇ ਦੀਏ
ਕਲੀਏ। ਬੜੇ ਬਣਨਗੇ ਜਾਨ ਤੋਂ ਪਿਆਰੇ ਰੰਗ ਬਰੰਗੇ
ਫਿਰਦੇ ਛਲੀਏ। ਦੇਵਤਿਆਂ ਨੂੰ ਪੂਜਣ ਵਾਲੇ ਹਸਤੀ
ਤੇਰੀ ਮੇਟ ਦੇਣਗੇ, ਪਰ ਤੂੰ ਸਵਾਸ ਅਖ਼ੀਰੀ ਤੀਕਰ,
ਸਭ ਨੂੰ ਮਹਿਕਾਂ ਵੰਡੀਂ ਭਲੀਏ। ਗੁਰਭਜਨ ਗਿੱਲ


ਹਰੀਆਂ ਡਾਲਾਂ ਅਜ਼ਲਾਂ ਤੋਂ ਹੀ ਸੁਰਖ਼ ਫੁੱਲਾਂ ਨੂੰ
ਪਾਲ਼ਦੀਆਂ। ਜ਼ੁੰਮੇਵਾਰੀ ਕੁਦਰਤ ਦਿੱਤੀ, ਬੱਚਿਆਂ
ਵਾਂਗ ਸੰਭਾਲ਼ਦੀਆਂ। ਪਰ ਤੂੰ ਬੰਦਿਆ ਤੁਰਿਆ ਜਾਂਦਾ
ਤੋੜ ਮਰੋੜੇਂ ਬੇਦਰਦਾ, ਸਮਝ ਨਿਸ਼ਾਨੀਆਂ ਇਹ ਹੀ ਨੇ
ਕੁਝ, ਤੇਰੇ ਮੰਦੜੇ ਹਾਲ ਦੀਆਂ। ਗੁਰਭਜਨ ਗਿੱਲ



ਮੇਰਾ ਗੁਰੂ ਵੰਗਾਰ ਕੇ ਆਖੇ,ਨਾਲ ਹਨ੍ਹੇਰੇ ਮੇਰੀ ਜੰਗ ਹੈ।
ਸੁਰ ਸ਼ਬਦਾਂ ਦਾ ਸਾਥ ਦਿਉ ਜੀ ਮੇਰੀ ਸਭ ਤੋਂ ਏਹੀ ਮੰਗ
ਹੈ। ਪਰ ਜੇ ਖ਼ੁਦ ਹੀ ਸੁੱਤੇ ਰਹਿਣਾ, ਰਾਤਾਂ ਸਿਰ
ਇਲਜ਼ਾਮ ਨਾ ਧਰਿਉ, ਓਸੇ ਨੇ ਪਰਭਾਤ ਮਾਨਣੀ, ਜਿਸ
ਨੇ ਸਾਡਾ ਕਰਨਾ ਸੰਗ ਹੈ। ਗੁਰਭਜਨ ਗਿੱਲ


ਡੁੱਬਦਾ ਸੂਰਜ ਵੀ ਛੱਡ ਜਾਂਦਾ, ਧਰਤੀ ਪੱਲੇ ਕਿੰਨੀ
ਲਾਲੀ। ਸਾਡੀ ਹੀ ਬੁੱਕਲ ਹੈ ਨਿੱਕੀ,ਸਾਥੋਂ ਹੀ ਨਾ ਜਾਏ
ਸੰਭਾਲੀ। ਰਾਤ ਸਮਝਦੀ ਮੈਂ ਚਾਨਣ ਨੂੰ, ਬੁਰਕੀ ਮਾਰ
ਸਮੇਟ ਲਿਆ ਹੈ, ਇੱਕੋ ਹੱਲਾ ਮਾਰਨ ਕਿਰਨਾਂ, ਪਾੜਨ
ਚਾਦਰ ਗੂੜ੍ਹੀ ਕਾਲੀ।
ਗੁਰਭਜਨ ਗਿੱਲ


ਏਸ ਤਰ੍ਹਾਂ ਹੀ ਹਰ ਘਰ ਟਹਿਕਣ ਫੁੱਲ ਪੱਤੀਆਂ
ਖ਼ੁਸ਼ਬੋਈਆਂ। ਮੱਥੇ ਦੇ ਵਿੱਚ ਸੋਚਾਂ ਪੁੰਗਰਨ ,ਨਵੀਆਂ
ਸਦਾ ਨਰੋਈਆਂ। ਧਰਤ ,ਧਰੇਕਾਂ ,ਧੀਆਂ ਤਿੰਨੇ, ਪੌਣਾਂ
ਕਰਨ ਪਵਿੱਤਰ , ਜੋ ਕੌਮਾਂ ਨਾ ਸਾਂਭਣ ਪੂੰਜੀ, ਉਹ
ਮੋਈਆਂ ਕਿ ਮੋਈਆਂ। ਗੁਰਭਜਨ ਗਿੱਲ



ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ ਮੁਸਕਾਨ ‘ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ ਸਿਖਾ ਸਕਦਾ ਹੈ।

ਗੁਰਭਜਨ ਗਿੱਲ


ਜੀਅ ਕਰਦੈ ਮੈਂ ਤਰ ਕੇ ਆ ਜਾਂ,ਸੱਤ ਸਮੁੰਦਰ ਲਾ ਕੇ
ਤਾਰੀ। ਦੂਰ ਦੋਮੇਲ ਨੂੰ ਪਾਰ ਕਰਾਂ ਮੈਂ, ਬਾਜ਼ ਦੇ ਵਾਂਗੂੰ
ਮਾਰ ਉਡਾਰੀ। ਧਰਤ ਓਪਰੀ ਵੱਲ ਨੂੰ ਬੰਦਾ, ਬਿਨ
ਸਿਰਨਾਵੇਂ ਕਿੱਧਰ ਜਾਵੇ, ਤੋੜ ਦਿਆ ਕਰ ਚੁੱਪ ਦੇ
ਜੰਦਰੇ, ਖੋਲ੍ਹ ਦਿਆ ਕਰ ਦਿਲ ਦੀ ਬਾਰੀ।
ਗੁਰਭਜਨ ਗਿੱਲ


ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ
ਹੈ। ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ
ਮਨ ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ,
ਯਾਦਾਂ ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ
ਤੇਰਾ, ਮਨ ਦੀ ਦੁਨੀਆ ਰੰਗ ਗਿਆ ਹੈ।
ਗੁਰਭਜਨ ਗਿੱਲ




ਹੁਣੇ ਹੁਣੇ ਤੂੰ ਦਸਤਕ ਦਿੱਤੀ, ਧੁਰ ਅੰਦਰ ਤੱਕ ਰੂਹ ਰੁਸ਼ਨਾਈ। ਲੱਗਿਆ ਮਨ ਦੀ ਚੌਖਟ ਉੱਤੇ ਦੀਵਾ ਬੱਤੀ ਆਣ ਜਗਾਈ। ਖਿੜਿਆ ਜਿਵੇਂ ਗੁਲਾਬ ਟਾਹਣੀਏ, ਚਾਰ ਚੁਫ਼ੇਰੇ ਰੌਣਕ ਹੋਈ, ਯਾਦਾਂ ਗਲੀ ਵਿੱਚ ਝਾਂਜਰ ਛਣਕੀ, ਮੁੱਦਤ ਮਗਰੋਂ ਰੌਣਕ ਆਈ।

ਗੁਰਭਜਨ ਗਿੱਲ



ਗੁਲਦਸਤੇ ਵਿੱਚ ਬਹੁਤੀ ਵਾਰੀ, ਫੁੱਲ ਹੁੰਦੇ ਨੇ, ਰੂਹ ਨਹੀਂ
ਹੁੰਦੀ। ਦੇਵਣਹਾਰ ਦੇ ਮਨ ਵਿੱਚ ਕੀ ਹੈ, ਇਸ ਦੀ
ਬਿਲਕੁਲ ਸੂਹ ਨਹੀਂ ਹੁੰਦੀ। ਜ਼ਿੰਦਗੀ ਬਣੀ ਅਜਾਇਬ
ਘਰ ਹੈ,ਕਿੰਜ ਸਮਾਨ ਚਿਣੇ ਨੇ ਹਰ ਥਾਂ, ਆਸ ਕਰੀਂ
ਨਾ,ਪਿਆਸ ਬੁਝਾਊ, ਲੱਜ ਤੇ ਭੌਣੀ ਖੂਹ ਨਹੀਂ ਹੁੰਦੀ।

ਗੁਰਭਜਨ ਗਿੱਲ


ਸਿਦਕ ਸਦੀਵੀ ਜਿੱਤ ਦਾ ਪਰਚਮ ਸਿਖ਼ਰ ਚੋਟੀਆਂ
ਸਰ ਕਰਦਾ ਹੈ।ਦੋਚਿੱਤੀ ਦਾ ਡੰਗਿਆ ਮਨ ਤਾਂ ਪਲ ਪਲ
ਕਰਕੇ ਨਿੱਤ ਮਰਦਾ ਹੈ। ਕਰਕੇ ਜੇਕਰ ਤਾਣ ਇਕੱਠਾ,ਤਨ
ਮਨ ਨਿਸ਼ਚਾ ਧਾਰ ਲਵੋ ਤਾਂ,ਵੇਖ ਲਇਓ ਫਿਰ ਰੂਹ ਦਾ
ਪੰਛੀ, ਅਗਨ ਸਮੁੰਦਰ ਕਿੰਜ ਤਰਦਾ ਹੈ।
ਗੁਰਭਜਨ ਗਿੱਲ


ਮਨ ਖਿੜਦਾ ਹੈ ਏਸ ਤਰ੍ਹਾਂ ਹੀ ਹੱਸਿਆ ਕਰ,
ਮੁਸਕਾਇਆ ਕਰ ਤੂੰ। ਸੋਚਾਂ ਦੇ ਦਰਿਆ ਵਿੱਚ ਹਰ ਦਮ,
ਗੋਤੇ ਹੀ ਨਾ ਖਾਇਆ ਕਰ ਤੂੰ। ਤੇਰੇ ਅੰਦਰ ਕਿੰਨੇ
ਸਾਗਰ ਮਾਣਕ ਮੋਤੀ ਹੋਰ ਬੜਾ ਕੁਝ, ਬਾਜ਼ ਵਾਂਗਰਾਂ
ਧਰਤੀਉਂ ਅੰਬਰ ਸੂਰਜ ਤੱਕ ਵੀ ਜਾਇਆ ਕਰ ਤੂੰ।
ਗੁਰਭਜਨ ਗਿੱਲ


ਹਰ ਪਲ ਨੂੰ ਤੂੰ ਮਾਣ ਨੀ ਜਿੰਦੇ, ਜੀਅ ਲੈ ਅੱਜ ਨੂੰ ਰੱਜ
ਕੇ। ਲੰਘਿਆ ਪਾਣੀ ਕਿਸ ਨੇ ਫੜਿਆ, ਕਮਲਿਆਂ
ਵਾਂਗੂੰ ਭੱਜ ਕੇ। ਅੱਜ ਨੂੰ ਸਾਂਭਣ ਵਾਲੇ ਸੋਹਣਿਆ!
ਮਗਰੋਂ ਨਾ ਪਛਤਾਉਂਦੇ, ਕੱਲ੍ਹ ਦੀ ਹਿੱਕ ਤੇ ਕਰਨ
ਸਵਾਰੀ ਹਿੰਮਤੀ ਹੀ ਗੱਜ ਵੱਜ ਕੇ।
ਗੁਰਭਜਨ ਗਿੱਲ



ਨੀ ਖ਼ੁਸ਼ਬੋਈਏ! ਜੀਣ ਜੋਗੀਏ, ਕਿੱਦਾਂ ਸਾਹਾਂ ਵਿੱਚ
ਪਰੋਈਏ। ਭਟਕਦਿਆਂ ਨਾ ਲੰਘੇ ਉਮਰਾ, ਆ ਜਾ ਦੋਵੇਂ
ਇੱਕ ਸਾਹ ਹੋਈਏ। ਚਿਰ ਹੋਇਆ ਮੈਂ ਜਾਂਦਿਆਂ
ਵੇਖਿਆ, ਹਾਏ! ਉਹ ਨੂਰੀ ਝਲਕਾਰਾ, ਅੱਜ ਤੀਕਰ
ਮਹਿਸੂਸ ਕਰਾਂ ਮੈਂ, ਹਸਰਤ ਹੈ ਕਿ ਸਨਮੁਖ ਹੋਈਏ।
ਗੁਰਭਜਨ ਗਿੱਲ


ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ।
ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ।
ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ,
ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ।
ਗੁਰਭਜਨ ਗਿੱਲ


ਸਜ਼ਾ ਖਿੜਨ ਦੀ ਮਿਲ ਜਾਣੀ ਹੈ,ਮੈਨੂੰ ਇਸ ਵਿਸ਼ਵਾਸ
ਪੁਰਾਣਾ। ਵਕਤ ਹੰਢਾ ਕੇ ਸੁੱਟ ਦੇਵੇਗਾ, ਲੀਰਾਂ ਕਰ ਜਾਂ
ਅੱਧੋਰਾਣਾ। ਪਰ ਮੈਂ ਏਹੋ ਕੋਸ਼ਿਸ਼ ਜਾਰੀ, ਮਰਦੇ ਦਮ ਤੱਕ
ਰੱਖਣਾ ਚਾਹੁੰਨਾਂ, ਆਪਣੀਆਂ ਨਜ਼ਰਾਂ ਵਿੱਚ ਮੈਨੂੰ ,ਹੋਣਾ
ਪਏ ਨਾ ਹੀਣਾ, ਕਾਣਾ। ਗੁਰਭਜਨ ਗਿੱਲ


ਤੇਰਾ ਖ਼ਤ ਮਿਲਿਆ ਤਾਂ ਲੱਗਿਆ, ਚੰਨ ਚਾਨਣੀ ਰਾਤ
ਪਈ ਹੈ। ਕੀ ਦੱਸਾਂ, ਬਿਨ ਪੜ੍ਹਿਆਂ ਤੋਂ ਹੀ, ਇੰਨ ਬਿੰਨ
ਤੇਰੀ ਝਾਤ ਪਈ ਹੈ। ਜਿਉਂ ਖ਼ੁਸ਼ਬੋਈ ਤੇ ਰੰਗ
ਰਹਿੰਦੇ,ਭਾਰ ਕਦੇ ਨਹੀਂ ਬਣਦੇ ਫੁੱਲ ਤੇ, ਸੱਚ ਮੰਨੀਂ !ਇੰਜ
ਲੱਗਿਆ,ਰੂਹ ਤੇ ਚਾਨਣ ਦੀ ਬਰਸਾਤ ਪਈ ਹੈ।
ਗੁਰਭਜਨ ਗਿੱਲ


ਪਿਆਰ ਦਾ ਰਿਸ਼ਤਾ ਇੰਜ ਨਿਭਾਉ,ਜਿਉਂ ਸਾਹਾਂ
ਵਿਚਕਾਰ ਫ਼ਾਸਲਾ।ਇੱਕੋ ਜੜ੍ਹ ,ਟਾਹਣੀ ਵੀ ਇੱਕੋ, ਕਿਉਂ
ਬਣਦਾ ਤਕਰਾਰ ਫ਼ਾਸਲਾ। ਅਮਨ ਚੈਨ ਦੀਆਂ ਫ਼ਸਲਾਂ
ਮੌਲਣ,ਧਰਤੀ ਨਿੱਤ ਕਰਦੀ ਅਰਦਾਸਾਂ,ਰੂਹ ਤੋਂ ਰੂਹ ਤੱਕ
ਪਹੁੰਚਣ ਖ਼ਾਤਰ ਕਿਉਂ ਕੰਡਿਆਲ਼ੀ ਤਾਰ ਫ਼ਾਸਲਾ।
ਗੁਰਭਜਨ ਗਿੱਲ


ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ
ਦਾ ਮੇਲਾ। ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ
ਬੋਲਣ ਦਾ ਵੇਲਾ। ਸਦਾ ਭਲਾ ਸਰਬੱਤ ਦਾ ਮੰਗੋ, ਦੀਨ
ਦੁਖੀ ਦਾ ਦਰਦ ਨਿਵਾਰੋ, ਮੈਂ, ਮੇਰੀ ਨੂੰ ਮਾਰ ਮੁਕਾਉ,
ਜੇ ਚਾਹੁੰਦੇ ਹੋ ਜਨਮ ਸੁਹੇਲਾ।
ਗੁਰਭਜਨ ਗਿੱਲ


ਸਗਲ ਇਬਾਰਤ ਫੁੱਲਾਂ ਉੱਤੇ, ਮੈਂ ਇਹ ਵਾਂਗ ਤਰੇਲ ਨਾ
ਡਿੱਠੀ। ਸੰਦਲੀ ਸਾਹਾਂ  ਦੇ ਸੰਗ ਉਕਰੀ ,ਇਹ ਤਾਂ ਜਾਪੇ
ਤੇਰੀ ਚਿੱਠੀ। ਇਸ ਤੋਂ ਸੁੱਚਾ ਵਰਕਾ ਹਾਲੇ  ਬਣਿਆ ਹੀ
ਨਾ ਧਰਤੀ ਉੱਤੇ, ਬਿਨ ਲਿਖਿਆਂ ਜੋ ਬਾਤ
ਸੁਣਾਵੇ ,ਸ਼ਹਿਦ ਕਟੋਰੀ ਨਾਲੋਂ ਮਿੱਠੀ।
ਗੁਰਭਜਨ ਗਿੱਲ


ਬਹੁਤ ਕੁਝ ਭਾਵੇਂ ਕਿਹਾ ਹੈ, ਬਹੁਤ ਹਾਲੇ ਅਣਕਿਹਾ।
ਧਰਤੀਏ! ਅੰਬਰ ਨੇ ਹਾਲੇ, ਹਰਫ਼  ਵੀ ਨਹੀਂ ਬੋਲਿਆ।
ਅਰਥ ਗੁੰਮੇ, ਸ਼ਬਦ ਕਿੱਥੇ, ਪੁੱਛਦੀ ਪ੍ਰਭਾਤ ਹੈ, ਸ਼ੋਰ ਦੇ
ਬਾਜ਼ਾਰ ਅੰਦਰ, ਕੀ ਸੁਣਾਂ,ਤੂੰ ਕੀ ਕਿਹਾ?
ਗੁਰਭਜਨ ਗਿੱਲ



ਗੁਲਦਸਤੇ ਵਿੱਚ ਬਹੁਤੀ ਵਾਰੀ, ਫੁੱਲ ਹੁੰਦੇ ਨੇ, ਰੂਹ ਨਹੀਂ
ਹੁੰਦੀ। ਦੇਵਣਹਾਰ ਦੇ ਮਨ ਵਿੱਚ ਕੀ ਹੈ, ਇਸ ਦੀ
ਬਿਲਕੁਲ ਸੂਹ ਨਹੀਂ ਹੁੰਦੀ। ਜ਼ਿੰਦਗੀ ਬਣੀ ਅਜਾਇਬ
ਘਰ ਹੈ,ਕਿੰਜ ਸਮਾਨ ਚਿਣੇ ਨੇ ਹਰ ਥਾਂ, ਆਸ ਕਰੀਂ
ਨਾ,ਪਿਆਸ ਬੁਝਾਊ, ਲੱਜ ਤੇ ਭੌਣੀ ਖੂਹ ਨਹੀਂ ਹੁੰਦੀ।
ਗੁਰਭਜਨ ਗਿੱਲ



ਤੂੰ ਨਾ ਰੂਹੇ ਦਿੱਤੀ ਦਸਤਕ, ਕੱਲ੍ਹ ਵਰਗਾ ਅੱਜ ਦਿਨ
ਨਹੀਂ ਚੜ੍ਹਿਆ। ਕੀ ਦੱਸਾਂ ਮੈਂ ,ਤੇਰਾ ਲਿਖਿਆ, ਕਿੰਨੀ
ਵਾਰੀ, ਮੁੜ ਮੁੜ ਪੜ੍ਹਿਆ। ਦੋ ਸਤਰਾਂ ਵਿਚਕਾਰ ਦੀ
ਖ਼ਾਲੀ ਥਾਂ ਨੇ ਮੈਨੂੰ ਇਹ ਸਮਝਾਇਐ, ਬਹੁਤੀ ਵਾਰੀ
ਉਹ ਸੁਣਿਆ ਕਰ, ਜੋ ਛੱਡ ਜਾਨੈਂ ਤੂੰ ਅਣਪੜ੍ਹਿਆ।

ਗੁਰਭਜਨ ਗਿੱਲ


ਸੁਪਨੇ ਬੀਜਣ ਦੀ ਰੁੱਤ ਆਈ ਅੱਸੂ ਮਗਰੋਂ ਕੱਤਕ
ਚੜ੍ਹਿਆ। ਉਹ ਹੀ ਜ਼ਿੰਦਗੀ ਦਾ ਰਸ ਮਾਨਣ ਹਿੰਮਤ ਦਾ
ਪੱਲੂ ਜਿਨ ਫੜਿਆ। ਪੱਕੀਆਂ ਫ਼ਸਲਾਂ ਸਾਂਭ ਲਵੋ ਤੇ
ਨਵੇਂ ਸਿਆੜੀਂ ਬੀਜ ਪੋਰਨਾ, ਉਹ ਹੀ ਦੱਸਿਆ ਬੋਲ
ਤੁਹਾਨੂੰ ਜੋ ਮੈਂ ਧਰਤੀ ਮਾਂ ਤੋਂ ਪੜ੍ਹਿਆ।
ਗੁਰਭਜਨ ਗਿੱਲ


ਫੁੱਲਾਂ ਵਿੱਚ ਖ਼ੁਸ਼ਬੋ ਵੀ ਤੂੰ ਹੈਂ, ਮੈਂ ਤੈਨੂੰ ਪਹਿਚਾਣ ਲਿਆ
ਹੈ। ਤੇਰਾ ਇਹ ਅੰਦਾਜ਼ ਪਿਆਰਾ, ਪਹਿਲਾਂ ਨਹੀਂ, ਹੁਣ
ਜਾਣ ਲਿਆ ਹੈ। ਇਹ ਸਾਹਾਂ ਵਿਚਕਾਰ ਦਾ ਰਿਸ਼ਤਾ
ਵਿਰਲੇ ਜੀਅ ਨੂੰ ਮਿਲਦਾ ਏਥੇ, ਤੂੰ ਤੇ ਅੱਜ ਤੱਕ
ਦੱਸਿਆ ਨਹੀਂ ਸੀ, ਵੇਖ ਮੈਂ ਕਿੱਦਾਂ ਮਾਣ ਲਿਆ ਹੈ।
ਗੁਰਭਜਨ ਗਿੱਲ


ਹਰੀਆਂ ਡਾਲਾਂ ਅਜ਼ਲਾਂ ਤੋਂ ਹੀ ਸੁਰਖ਼ ਫੁੱਲਾਂ ਨੂੰ
ਪਾਲ਼ਦੀਆਂ। ਜ਼ੁੰਮੇਵਾਰੀ ਕੁਦਰਤ ਦਿੱਤੀ, ਬੱਚਿਆਂ
ਵਾਂਗ ਸੰਭਾਲ਼ਦੀਆਂ। ਪਰ ਤੂੰ ਬੰਦਿਆ ਤੁਰਿਆ ਜਾਂਦਾ
ਤੋੜ ਮਰੋੜੇਂ ਬੇਦਰਦਾ, ਸਮਝ ਨਿਸ਼ਾਨੀਆਂ ਇਹ ਹੀ ਨੇ
ਕੁਝ, ਤੇਰੇ ਮੰਦੜੇ ਹਾਲ ਦੀਆਂ। ਗੁਰਭਜਨ ਗਿੱਲ



ਜਦ ਤੋਂ ਬੰਦਾ ਇਸ ਧਰਤੀ ਤੇ ਪੈਸੇ ਦਾ ਪੁੱਤ ਬਣਿਆ।
ਮਾਂ ਤੇ ਬਾਪ ਵਿਸਾਰੇ ਉਸਨੇ, ਜਿੰਨ੍ਹਾਂ ਉਸ ਨੂੰ ਜਣਿਆ।
ਚਿੰਤਾ ਚਿਖ਼ਾ ਬਰਾਬਰ ਧੁਖਦੀ ਅੰਦਰੇ ਅੰਦਰ ਧੂਣੀ,
ਉੱਡ ਪੁੱਡ ਗਈਆਂ ਖ਼ੁਸ਼ੀਆਂ ਮੂੰਹ ਤੋਂ ਚਿਹਰਾ ਰਹਿੰਦਾ ਤਣਿਆ।

ਗੁਰਭਜਨ ਗਿੱਲ



ਜਦੋਂ ਕਦੇ ਮਨ ਵਿਹਲਾ ਹੋਵੇ, ਆਪਣੇ ਨਾਲ ਗੁਫ਼ਤਗੂ ਕਰਿਉ। ਚੁੱਪ ਵੀ ਕਿਸੇ ਕਿਤਾਬ ਤੋਂ ਘੱਟ ਨਾ,ਇਸ ਦਾ ਪੂਰਨ ਪਾਠ ਤਾਂ ਕਰਿਉ। ਇਸ ਦੀ ਤਹਿ ਦੇ ਥੱਲੇ ਕਿੰਨੇ, ਅਣਵਿੱਧ ਮੋਤੀ ਪਏ ਅਣਫ਼ੋਲੇ, ਇਹ ਬੇਅੰਤ ਖ਼ਜ਼ਾਨਾ ਦੱਸਿਐ, ਜਦ ਚਾਹੋਗੇ ਝੋਲੀਆਂ ਭਰਿਉ।

ਗੁਰਭਜਨ ਗਿੱਲ


ਝੀਲਾਂ, ਝਰਨੇ, ਨੀਲਾ ਸਾਗਰ, ਧਰਤੀ ਤੇ ਲਿਖੀਆਂ
ਕਵਿਤਾਵਾਂ। ਜੇ ਤੂੰ ਵਕਤ ਦਏਂ ਤਾਂ ਤੈਨੂੰ ਕੁਝ ਵਰਕੇ ਪੜ੍ਹ
ਬੋਲ ਸੁਣਾਵਾਂ। ਕਿੰਨਾ ਕੁਝ ਅਣਪੜ੍ਹਿਆ ਛੱਡ ਕੇ, ਕਹਿੰਦੈਂ
ਜ਼ਿੰਦਗੀ ਫਿੱਕੀ ਫਿੱਕੀ, ਵੇਖ ਕਦੇ ਤੂੰ ਧਰਤੀ
ਅੰਬਰ,ਰੰਗਾਂ ਮੱਲੀਆਂ ਕਿੰਨੀਆਂ ਥਾਵਾਂ।
ਗੁਰਭਜਨ ਗਿੱਲ


ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ
ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ
ਆਪਾਂ ਵੇਖਿਆ ਨਾ ਜਾਣਿਆ। ਹਰ ਪਲ ਮਿੱਟੀ
ਠੀਕਰੀਆਂ ਤੇ ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ
ਜ਼ਮੀਨ ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ।
ਗੁਰਭਜਨ ਗਿੱਲ



ਸਗਲ ਸ੍ਰਿਸ਼ਟੀ ਜਾਣੋ ,ਮਾਣੋ, ਇਹ ਕੁਦਰਤ ਵਿਸਮਾਦੀ ਕਾਇਆ। ਪੁੰਗਰਦਾ ਹਰ ਪੱਤਾ ਪੱਕਣਾ,ਝੜਨਾ, ਇਹ ਤਾਂ ਹੁੰਦਾ ਆਇਆ। ਜਿੰਨੇ ਸਵਾਸ ਮਿਲੇ ਨੇ , ਖਿੜ ਕੇ, ਖੇੜਾ ਵੰਡੋ, ਮਹਿਕੋ ਟਹਿਕੋ, ਮੇਰੇ ਗੁਰ ਉਪਦੇਸ਼ ਦੇਂਦਿਆਂ ਇਹ ਹੀ ਮੈਨੂੰ ਸਬਕ ਪੜ੍ਹਾਇਆ।

ਗੁਰਭਜਨ ਗਿੱਲ



ਤੋੜਨ ਵਾਲੇ ਬਹੁਤ ਮਿਲਣਗੇ, ਮੇਰੇ  ਸੂਹਲ ਦਿਲੇ ਦੀਏ
ਕਲੀਏ। ਬੜੇ ਬਣਨਗੇ ਜਾਨ ਤੋਂ ਪਿਆਰੇ ਰੰਗ ਬਰੰਗੇ
ਫਿਰਦੇ ਛਲੀਏ। ਦੇਵਤਿਆਂ ਨੂੰ ਪੂਜਣ ਵਾਲੇ ਹਸਤੀ
ਤੇਰੀ ਮੇਟ ਦੇਣਗੇ, ਪਰ ਤੂੰ ਸਵਾਸ ਅਖ਼ੀਰੀ ਤੀਕਰ,
ਸਭ ਨੂੰ ਮਹਿਕਾਂ ਵੰਡੀਂ ਭਲੀਏ। ਗੁਰਭਜਨ ਗਿੱਲ


ਸੂਰਜ ਨੂੰ ਪੌੜੀ ਨਹੀਂ ਲੱਗਦੀ, ਅੰਦਰ ਜਗਦਾ ਦੀਵਾ
ਧਰਿਉ। ਆਤਮ ਬਲ ਤੇ ਸਬਰ ਸਹਾਰੇ ਆਪੇ ਆਪਣਾ
ਚਿੰਤਨ ਕਰਿਉ। ਆਪਣੀ ਰੂਹ ਦਾ ਲੇਖਾ ਜੋਖਾ ਹੋਰ
ਕਿਸੇ ਤੋਂ ਕਿਉਂ ਕਰਵਾਉਣਾ, ਹੀਲੇ ਨਾਲ ਵਸੀਲੇ
ਬਣਦੇ,ਐਵੇਂ ਨਾ ਬਹਿ ਹੌਕੇ ਭਰਿਉ।
ਗੁਰਭਜਨ ਗਿੱਲ



ਇਸ ਵਾਰੀ ਨਾ ਦਿਲ ਦੇ ਆਖੇ, ਦੀਵੇ ਬਾਲ਼ ਦੀਵਾਲੀ ਨੂੰ। ਅੱਥਰੂ ਅੱਥਰੂ ਟੀਂਡੇ ਵੇਖੀ, ਖੇਤ 'ਚ ਰੁਲ਼ਦੇ ਹਾਲ਼ੀ ਨੂੰ। ਦੋ ਡੰਗ ਦੀ ਜੋ ਰੋਟੀ ਖ਼ਾਤਰ, ਪੜ੍ਹਨ ਸਕੂਲੋਂ ਰਹਿ ਚੱਲਿਆ, ਸਿਰ ਤੇ ਪੈਰੋਂ ਨੰਗ ਧੜੰਗੇ, ਭੁੱਲ ਨਾ ਜਾਇਓ ਪਾਲ਼ੀ ਨੂੰ।

ਗੁਰਭਜਨ ਗਿੱਲ


ਜਦੋਂ ਕਦੇ ਮਨ ਵਿਹਲਾ ਹੋਵੇ, ਆਪਣੇ ਨਾਲ ਗੁਫ਼ਤਗੂ
ਕਰਿਉ। ਚੁੱਪ ਵੀ ਕਿਸੇ ਕਿਤਾਬ ਤੋਂ ਘੱਟ ਨਾ,ਇਸ ਦਾ
ਪੂਰਨ ਪਾਠ ਤਾਂ ਕਰਿਉ। ਇਸ ਦੀ ਤਹਿ ਦੇ ਥੱਲੇ ਕਿੰਨੇ,
ਅਣਵਿੱਧ ਮੋਤੀ ਪਏ ਅਣਫ਼ੋਲੇ, ਇਹ ਬੇਅੰਤ ਖ਼ਜ਼ਾਨਾ
ਦੱਸਿਐ, ਜਦ ਚਾਹੋਗੇ ਝੋਲੀਆਂ ਭਰਿਉ।
ਗੁਰਭਜਨ ਗਿੱਲ


ਧਰਤੀ ਮੈਨੂੰ ਖ਼ਤ ਲਿਖਿਆ ਹੈ, ਤੂੰ ਕਹਿੰਦਾ ਏਂ ਫੁੱਲ
ਖਿੜਿਆ ਹੈ। ਆਪੋ ਆਪਣੀ ਸੂਝ ਮੁਤਾਬਕ ਸੋਚਾਂ
ਅੰਦਰ ਜੰਗ ਛਿੜਿਆ ਹੈ। ਏਸ ਇਬਾਰਤ ਨੂੰ ਪੜ੍ਹ
ਸਕਣਾ, ਹਰ ਇੱਕ ਦੇ ਨਾ ਹਿੱਸੇ ਆਵੇ, ਸਿੱਖ ਲੈ ਇਸ
ਮਾਂ ਨੂੰ ਪੜ੍ਹ ਸਕਣਾ, ਤੇਰਾ ਮੱਥਾ ਕਿਉਂ ਚਿੜਿਆ ਹੈ।
ਗੁਰਭਜਨ ਗਿੱਲ
Morning


ਸੁਰ ਤੇ ਸ਼ਬਦ ਸੁਮੇਲ ਕਰੇ ਜਦ ਧਰਤੀ ਬੋਲਣ ਲਾ
ਸਕਦਾ ਹੈ। ਬਿਨਾ ਕਿਤਾਬਾਂ ਪੜ੍ਹੇ, ਪੜ੍ਹਾਏ, ਰਾਗ ਵੀ
ਸਬਕ ਸਿਖਾ ਸਕਦਾ ਹੈ। ਜ਼ਿੰਦਗੀ ਤਾਲੋਂ ਖੁੰਝੇ ਜਦ ਵੀ,
ਸ਼ੋਰ ਕਰੇ ਸਰਦਾਰੀ ਓਥੇ, ਗਲ਼ੀਆਂ ਵਿੱਚ ਦਰਵੇਸ਼
ਗਵੱਈਆ,ਰੂਹ ਦਾ ਸਾਜ਼ ਵਜਾ ਸਕਦਾ ਹੈ।
ਗੁਰਭਜਨ ਗਿੱਲ [redacted]


ਜੇਕਰ ਮੰਡੀ ਵਿੱਚ ਨਹੀਂ ਵਿਕਦਾ, ਮੈਨੂੰ ਇਸ ਦੀ ਸ਼ਰਮ
ਨਹੀਂ ਹੈ। ਹਰ ਹੱਟੀ ਤੇ ਹਰ ਪਲ ਵਿਕਣਾ, ਇਹ ਬੰਦੇ ਦਾ
ਧਰਮ ਨਹੀਂ ਹੈ। ਮੇਰੇ ਇਸ਼ਟ ਸਿਖਾਇਆ ਮੈਨੂੰ, ਛਾਬੇ
ਅੰਦਰ ਨਹੀਂ ਤੂੰ ਬਹਿਣਾ, ਰੂਹ ਤੇ ਭਾਰ ਪੁਆ ਕੇ
ਜੀਣਾ,ਇਹ ਬੰਦੇ ਦਾ ਕਰਮ ਨਹੀਂ ਹੈ। ਗੁਰਭਜਨ ਗਿੱਲ


ਚੁੱਪ ਦੀ ਵਲਗਣ ਤੋੜਨ ਮਗਰੋਂ,ਦਿਲ ਕਰਦੈ ,ਹੁਣ
ਗੱਲਾਂ ਕਰੀਏ। ਰੂਹ ਵੱਲੋਂ ਨਿਰਵਸਤਰ ਹੋ ਕੇ, ਇਤਰ
ਸਰੋਵਰ ਦੇ ਵਿੱਚ ਤਰੀਏ। ਰੰਗਾਂ ਦੇ ਦਰਿਆ ‘ਚੋਂ
ਭਰੀਏ,ਸੱਤਰੰਗੀ ਪਿਚਕਾਰੀ ਆਪਾਂ, ਜਿੱਥੇ ਜਿੱਥੇ ਕੋਰੇ
ਵਰਕੇ, ਮਨਚਾਹੇ ਸਾਰੇ ਰੰਗ ਸਾਰੇ ਭਰੀਏ।
ਗੁਰਭਜਨ ਗਿੱਲ



ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ ਹੈ। ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ ਮਨ ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ, ਯਾਦਾਂ ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ ਤੇਰਾ, ਮਨ ਦੀ ਦੁਨੀਆ ਰੰਗ ਗਿਆ ਹੈ।

ਗੁਰਭਜਨ ਗਿੱਲ



ਅਕਸਰ ਤੱਕਿਐ,ਚੁੱਪ ਦੀ ਭਾਸ਼ਾ, ਬੋਲਣੋਂ ਵੱਧ ਸਮਝਾ
ਜਾਂਦੀ ਹੈ। ਸ਼ਬਦ ਕਟਾਰੀ, ਬਹੁਤੀ ਵਾਰੀ,ਹੋਠੀਂ ਜੰਦਰੇ
ਲਾ ਜਾਂਦੀ ਹੈ। ਦੋ ਬਾਹਾਂ ਵਿਚਕਾਰ ਸਮੁੰਦਰ, ਦਿਲ
ਦਰਿਆ ਜੇ ਤਰਨਾ ਆਵੇ, ਕੂੰਜਾਂ ਵਾਲੀ ਡਾਰ ਏਸ
ਵਿੱਚ ਰੋਜ਼ ਡੁਬਕਣੀ ਲਾ ਜਾਂਦੀ ਹੈ। ਗੁਰਭਜਨ ਗਿੱਲ


ਸਗਲ ਸ੍ਰਿਸ਼ਟੀ ਜਾਣੋ ,ਮਾਣੋ, ਇਹ ਕੁਦਰਤ ਵਿਸਮਾਦੀ
ਕਾਇਆ। ਪੁੰਗਰਦਾ ਹਰ ਪੱਤਾ ਪੱਕਣਾ,ਝੜਨਾ, ਇਹ
ਤਾਂ ਹੁੰਦਾ ਆਇਆ। ਜਿੰਨੇ ਸਵਾਸ ਮਿਲੇ ਨੇ , ਖਿੜ ਕੇ,
ਖੇੜਾ ਵੰਡੋ, ਮਹਿਕੋ ਟਹਿਕੋ, ਤੇਰੇ ਭੇਜੇ ਗੁਲਦਸਤੇ ਨੇ,
ਇਹ ਹੁਣ ਮੈਨੂੰ ਸਬਕ ਪੜ੍ਹਾਇਆ। ਗੁਰਭਜਨ ਗਿੱਲ



ਉਸਨੂੰ ਸਿਰਫ਼ ਗੁਲਾਬ ਕਹਾਂਗਾ, ਜਿਸ ਦਾ ਰੰਗ
ਗੁਲਾਬੀ ਹੈ। ਬਾਕੀ ਸਭ ਕੁਝ ਮਗਰੋਂ ਬਣਿਆ, ਮੰਡੀ
ਬੜੀ ਹਿਸਾਬੀ ਹੈ। ਗਮਲੇ ਦੇ ਵਿੱਚ ਲੱਗਿਆਂ ਨੂੰ ਤਾਂ
ਧਰਤੀ ਮਾਂ ਪਹਿਚਾਣੇ ਨਾ, ਜੋ ਪੰਜਾਬੀ ਬੋਲੇ ਖੁੱਲ੍ਹ ਕੇ,
ਓਹੀ ਸਿਰਫ਼ ਪੰਜਾਬੀ ਹੈ। ਗੁਰਭਜਨ ਗਿੱਲ



ਮਾਰ ਉਡਾਰੀ ਚੱਲ ਹੁਣ ਚੱਲੀਏ, ਅੰਬਰ ਤੋਂ ਵੀ ਪਾਰ ਬਾਬਲਾ। ਧਰਤ ਕਲਾਵਾ ਭਰਿਆ ਮੈਂ ਤਾਂ, ਦੋ ਬਾਹਾਂ ਵਿਚਕਾਰ ਬਾਬਲਾ। ਮੇਰੇ ਮੱਥੇ ਸੂਰਜ ਧਰ ਦੇ, ਕਰ ਦੇ ਰੌਸ਼ਨ ਮੇਰੀਆਂ ਰਾਹਵਾਂ, ਸੋਚਾਂ ਵਿੱਚ ਗੁਲਤਾਨ ਕਿਉਂ ਹੈਂ, ਰੂਹ ਤੋਂ ਭਾਰ ਉਤਾਰ ਬਾਬਲਾ।

ਗੁਰਭਜਨ ਗਿੱਲ



ਰਾਜਬੀਰ ਜਵੰਦਾ ਦੇ ਵਿਛੋੜੇ ਤੇ

ਡਾਢੇ ਰੱਬ ਦੀ ਖੇਡ ਅਨੋਖੀ, ਕੇਸੀ ਅਚਰਜ ਮਾਇਆ।
ਸੂਰਜ ਚੜ੍ਹਦੇ ਸਾਰ ਸਵੇਰੇ, ਆਪਣਾ ਚੰਨ  ਗਵਾਇਆ।
'ਰਾਜਬੀਰ' ਜਹੇ ਹਸਮੁਖ ਬੱਚੜੇ, ਦੇਂਦਿਆਂ ਹੀ ਕਿਉਂ ਖੋਹਵੇ, ਸੁਰ ਤੇ ਸ਼ਬਦ  ਉਦਾਸ ਕਰਦਿਆਂ, ਤੈਂ ਕੀ ਦਰਦ ਨਾ ਆਇਆ?

ਗੁਰਭਜਨ ਗਿੱਲ


ਪਿਆਰੇ ਬੇਟੇ ਰਾਜਬੀਰ ਜਵੰਦਾ ਦੇ ਜਾਣ ‘ਤੇ।
ਡਾਢੇ ਰੱਬ ਦੀ ਖੇਡ ਅਨੋਖੀ, ਕੈਸੀ ਅਚਰਜ ਮਾਇਆ।
ਸੂਹਜ ਚੜ੍ਹਦੇ ਸੁਬ੍ਹਾ ਸਵੇਰੇ ਆਪਾਂ ਚੰਨ ਗੁਆਇਆ।
‘ਰਾਜਬੀਰ’ ਜਹੇ ਹਸਮੁਖ ਬੱਚੜੇ, ਦੇਂਦਿਆਂ ਹੀ ਕਿਉਂ
ਖੋਹਵੇਂ, ਸੁਰ ਤੇ ਸ਼ਬਦ ਉਦਾਸ ਕਰਦਿਆਂ, ਤੈਂ ਕਿਉਂ
ਦਰਦ ਨਾ ਆਇਆ।
ਗੁਰਭਜਨ ਗਿੱਲ।



ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ
ਤੇਰੇ। ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ
ਵੱਸ ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ
ਫੁੱਲ ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ,
ਜਗਮਗ ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ


ਜੋਦੜੀਆਂ ਦੇ ਨਾਲ ,ਮੁਸੀਬਤ ,ਉੱਚੇ ਪਰਬਤ ਢਹਿੰਦੇ
ਨਹੀਂਓਂ। ਪਰ ਹਾਲਾਤ ਕਦੇ ਵੀ ਮਿੱਤਰਾ ਇੱਕੋ ਜਹੇ ਤਾਂ
ਰਹਿੰਦੇ ਨਹੀਂਓਂ। ਆਸ ਉਮੀਦਾਂ ਸਾਨੂੰ ਡੂੰਘੇ ਭਵਸਾਗਰ
ਤੋਂ ਪਾਰ ਉਤਾਰਨ, ਸੂਰਜ ਦੀ ਲਿਸ਼ਕੋਰ ਜੇ ਪੱਲੇ, ਗ਼ਮ ਦੇ
ਬੱਦਲ ਰਹਿੰਦੇ ਨਹੀਂਓਂ। ਗੁਰਭਜਨ ਗਿੱਲ


ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ
ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ
ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ
ਭਾਵੇਂ ,ਏਸ ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ
ਰੁਸ਼ਨਾਉਣ ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ।
ਗੁਰਭਜਨ ਗਿੱਲ



ਦਿਸਦਾ ਨਾ ਤੂੰ ਜਿਸ ਦਿਨ ਓਦਣ ਸੂਰਜ ਵੀ ਨਹੀਂ
ਚੜ੍ਹਦਾ। ਵਿੱਚ ਹਨ੍ਹੇਰੇ ਦੱਸ ਮੈਂ ਕਿੱਦਾਂ ਲਿਖੀ ਇਬਾਰਤ
ਪੜ੍ਹਦਾ। ਯਾਦਾਂ ਦੀ ਦੋਮੂੰਹੀਂ ਨਾਗਣ ਰਹਿ ਰਹਿ ਮੈਨੂੰ
ਡੰਗਦੀ ਉਡਣੇ ਪੰਛੀ ਰੂਹ ਦੇ ਅੰਬਰੋਂ, ਦੱਸ ਕਿਸ ਤਰ੍ਹਾਂ
ਫੜਦਾ।

ਗੁਰਭਜਨ ਗਿੱਲ


ਆਸ ਦਾ ਸੂਰਜ ਚੜ੍ਹਾਓ ਧਰਤ ਰੌਸ਼ਨ ਕਰ ਦਿਓ। ਹਰ
ਬਨੇਰੇ ਦੀਵਿਆਂ ਨੂੰ ਸ਼ਾਮ ਵੇਲੇ ਧਰ ਦਿਓ। ਮੀਲ ਪੱਥਰ
ਸਿਰਫ਼ ਪੱਥਰ ਹੋਣ ਤੋਂ ਪਹਿਲਾਂ ਜਨਾਬ, ਮੰਜ਼ਲਾਂ ਤੇ
ਪਹੁੰਚ ਕੇ ਇਹ ਕੂਣ ਜੋਗੇ ਕਰ ਦਿਓ। ਗੁਰਭਜਨ ਗਿੱਲ



ਸੁਰ ਤੇ ਸ਼ਬਦ ਸੰਗੀਤ ਦਾ, ਸਚਮੁੱਚ ਸੀ ਅਵਤਾਰ।
ਬਹੁਤ ਉਦਾਸ ਸਾਰੰਗੀਆਂ, ਸ਼ਹਿਨਾਈ ਬੇਤਾਰ। ਰੂਹ ਦੀਆਂ ਤਰਬਾਂ ਛੇੜਦਾ, ਸਤਿਗੁਰ ਬਾਝੋਂ ਕੌਣ, ਜਾ ਕੇ ਮੁੜ ਨਹੀਂ ਪਰਤਿਆ, ਸਾਜ਼ ਵਜਾਵਣਹਾਰ।
ਗੁਰਭਜਨ ਗਿੱਲ


5K
Dislik
33
Share
ਕੁਦਰਤ ਰਾਣੀਏ! ਤੂੰ ਏਨਾ ਕੰਮ ਕਰ ਦੇ। ਸਾਹਾਂ 'ਚ
ਸੁਗੰਧੀਆਂ ਤੇ ਰੰਗ ਸੋਹਣਾ ਭਰ ਦੇ। ਜਿੱਥੇ ਜਿੱਥੇ
ਜ਼ਿੰਦਗੀ ਉਦਾਸ ਤੇ ਖ਼ਾਮੋਸ਼ ਹੈ, ਉੱਥੇ ਉੱਥੇ ਬੁੱਤਾਂ ਨੂੰ
ਜਿਉਣ ਜੋਗਾ ਕਰ ਦੇ। ਗੁਰਭਜਨ ਗਿੱਲ


ਹਰ ਪਲ ਨੂੰ ਤੂੰ ਮਾਣ ਨੀ ਜਿੰਦੇ, ਜੀਅ ਲੈ ਅੱਜ ਨੂੰ ਰੱਜ
ਕੇ। ਲੰਘਿਆ ਪਾਣੀ ਕਿਸ ਨੇ ਫੜਿਆ, ਕਮਲਿਆਂ
ਵਾਂਗੂੰ ਭੱਜ ਕੇ। ਅੱਜ ਨੂੰ ਸਾਂਭਣ ਵਾਲੇ ਸੋਹਣਿਆ!
ਮਗਰੋਂ ਨਾ ਪਛਤਾਉਂਦੇ, ਕੱਲ੍ਹ ਦੀ ਹਿੱਕ ਤੇ ਕਰਨ
ਸਵਾਰੀ ਹਿੰਮਤੀ ਹੀ ਗੱਜ ਵੱਜ ਕੇ। ਗੁਰਭਜਨ ਗਿੱਲ


ਮਨ ਦਾ ਬਾਗ਼ ਬਗੀਚਾ ਖਿੜਿਆ, ਤੇਰੇ ਨਾਲ ਗੁਫ਼ਤਗੂ
ਕਰਕੇ। ਤਪਦੀ ਲੋਹ ਤੇ ਮੀਂਹ ਵਰ੍ਹਿਆ ਹੈ, ਰਹਿਮਤ
ਕੀਤੀ ਤੂੰ ਜੀਅ ਭਰਕੇ। ਕਦੇ ਕਦਾਈਂ, ਏਸ ਤਰ੍ਹਾਂ ਹੀ
ਦਿਲ ਕਰਦਾ ਹੈ ਸੁਣਾਂ, ਸੁਣਾਵਾਂ, ਮੈਂ ਅਣ ਤਾਰੂ ਦੱਸ
ਕਿੰਜ ਆਵਾਂ, ਤੇਰੇ ਦਿਲ ਦਰਿਆ ਨੂੰ ਤਰ ਕੇ।
ਗੁਰਭਜਨ ਗਿੱਲ



ਬਣ ਮੇਰੇ ਅੰਬਰ ਦਾ ਸੂਰਜ, ਨੀ ਚਾਨਣ ਦੀ ਟਿੱਕੀ ਜਹੀਏ। ਮਹਿਕ ਨਿਥਾਵੀਂ , ਭਟਕੇ ਨਾ ਹੁਣ, ਇੱਕ ਦੂਜੇ ਦੇ ਦਿਲ ਵਿੱਚ ਲਹੀਏ। ਧਰਤੀ ਦੀ ਲਾਲੀ ਹਰਿਆਲੀ, ਅੰਬਰ ਦੀ ਸਤਰੰਗੀ ਵਾਲੇ, ਕਿੱਥੋਂ ਇਹ ਰੰਗ ਮਿਲਦੇ ਸਾਰੇ, ਹੱਟੜੀ ਦਾ ਸਿਰਨਾਵਾਂ ਲਈਏ। ਗੁਰਭਜਨ ਗਿੱਲ


ਦਰਦਾਂ ਦੇ ਦਰਿਆ ਵਿੱਚ ਮੈਨੂੰ ਜੇ ਨਾ ਦੇਂਦੇ ਸ਼ਬਦ
ਸਹਾਰਾ। ਰੁੜ੍ਹ ਜਾਣਾ ਸੀ ਲਹਿੰਦੇ ਬੰਨੇ, ਬਚਿਆ ਹਾਂ
ਸੁਣ ਕੇ ਲਲਕਾਰਾ। ਫ਼ਤਿਹ ਨਸੀਬ ਉਨ੍ਹਾਂ ਨੂੰ ਹੋਵੇ
ਹਾਸ਼ਮ ਸ਼ਾਹ ਦੇ ਕਹਿਣ ਮੁਤਾਬਕ, ਹਿੰਮਤ ਯਾਰ
ਬਣਾਉਂਦੇ ਜਿਹੜੇ, ਮੰਗਦੇ ਨਾ ਉਹ ਤਾਣ ਉਧਾਰਾ।
ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ
ਏਨੀ ਗੱਲ ਸਮਝੋ ਚੰਨੋ। ਗੁਰਭਜਨ ਗਿੱਲ



ਮਨ ਦਾ ਬਾਗ਼ ਬਗੀਚਾ ਖਿੜਿਆ, ਤੇਰੇ ਨਾਲ ਗੁਫ਼ਤਗੂ
ਕਰਕੇ। ਤਪਦੀ ਲੋਹ ਤੇ ਮੀਂਹ ਵਰ੍ਹਿਆ ਹੈ, ਰਹਿਮਤ
ਕੀਤੀ ਤੂੰ ਜੀਅ ਭਰਕੇ। ਕਦੇ ਕਦਾਈਂ, ਏਸ ਤਰ੍ਹਾਂ ਹੀ
ਦਿਲ ਕਰਦਾ ਹੈ ਸੁਣਾਂ, ਸੁਣਾਵਾਂ, ਮੈਂ ਅਣ ਤਾਰੂ ਦੱਸ
ਕਿੰਜ ਆਵਾਂ, ਤੇਰੇ ਦਿਲ ਦਰਿਆ ਨੂੰ ਤਰ ਕੇ।

ਗੁਰਭਜਨ ਗਿੱਲ



ਬਣ ਮੇਰੇ ਅੰਬਰ ਦਾ ਸੂਰਜ, ਨੀ ਚਾਨਣ ਦੀ ਟਿੱਕੀ
ਜਹੀਏ। ਮਹਿਕ ਨਿਥਾਵੀਂ , ਭਟਕੇ ਨਾ ਹੁਣ, ਇੱਕ ਦੂਜੇ
ਦੇ ਦਿਲ ਵਿੱਚ ਲਹੀਏ। ਧਰਤੀ ਦੀ ਲਾਲੀ ਹਰਿਆਲੀ,
ਅੰਬਰ ਦੀ ਸਤਰੰਗੀ ਵਾਲੇ, ਕਿੱਥੋਂ ਇਹ ਰੰਗ ਮਿਲਦੇ
ਸਾਰੇ, ਹੱਟੜੀ ਦਾ ਸਿਰਨਾਵਾਂ ਲਈਏ। ਗੁਰਭਜਨ ਗਿੱਲ



ਸੁਰ ਤੇ ਸ਼ਬਦ ਸੰਗੀਤ ਦਾ, ਸਚਮੁੱਚ ਸੀ ਅਵਤਾਰ।
ਬਹੁਤ ਉਦਾਸ ਸਾਰੰਗੀਆਂ, ਸ਼ਹਿਨਾਈ ਬੇਤਾਰ। ਰੂਹ
ਦੀਆਂ ਤਰਬਾਂ ਛੇੜਦਾ, ਸਤਿਗੁਰ ਬਾਝੋਂ ਕੌਣ, ਜਾ ਕੇ ਮੁੜ
ਨਹੀਂ ਪਰਤਿਆ, ਸਾਜ਼ ਵਜਾਵਣਹਾਰ।
ਗੁਰਭਜਨ ਗਿੱਲ


ਬਾਗਬਾਨ ਜੀ, ਕੀ ਕਰਦੇ ਹੋ, ਸਭ ਰੰਗਾਂ ਨੂੰ ਖਿੜਨ
ਦਿਉ ਜੀ। ਚਰਖ਼ ਸਮੇਂ ਦਾ, ਰੋਕੋ ਨਾ ਜੀ, ਚਾਲ ਕੁਦਰਤੀ
ਗਿੜਨ ਦਿਉ ਜੀ। ਉਲਟੀ ਗੰਗ ਵਹਾਉ ਨਾ ਜੀ,
ਮੰਨਿਆ ਤਾਕਤ ਕੋਲ ਤੁਹਾਡੇ, ਸਮਰੱਥ ਆਪੇ ਜਿੱਤ
ਜਾਵੇਗੀ, ਸੌ ਸੋਚਾਂ ਨੂੰ ਭਿੜਨ ਦਿਉ ਜੀ।
ਗੁਰਭਜਨ ਗਿੱਲ


ਇਨ੍ਹਾਂ ਤਾਂ ਫੁੱਲ ਬਣਕੇ ਮਹਿਕਣਾ ਸੀ।
ਤੂੰ ਕਾਹਨੂੰ ਡੋਡੀਆਂ ਨੂੰ ਤੋੜਨਾ ਸੀ।
ਜੇ ਤੇਰੇ ਮਨ 'ਚ ਸ਼ੰਕਾ ਬੋਲਣਾ ਸੀ।
ਤੂੰ ਮੈਨੂੰ ਆਪਣਾ ਕਿਉਂ ਆਖਣਾ ਸੀ।
ਗੁਰਭਜਨ ਗਿੱਲ


ਵਗ ਰਹੀ ਠੰਢੀ ਹਵਾ ਹੈ। ਨਿੱਘ ਕਿਧਰੇ ਲਾਪਤਾ ਹੈ।
ਟਾਹਣੀਆਂ ਵਿਚ ਫੁੱਲ ਜੀਂਦੇ, ਪੱਤਝੜਾਂ ਨੂੰ ਕੀ ਪਤਾ ਹੈ।
ਚਾਰ ਪਾਸੇ ਪਾਣੀਆਂ ਵਿਚ, ਰੁੱਖ ਕਿਉਂ ਸੁੱਕਾ ਖੜ੍ਹਾ ਹੈ?
ਦਰਦ ਤਾਈਂ ਵੰਡ ਦੇਣਾ, ਏਸ ਦੀ ਏਹੀ ਦਵਾ ਹੈ।
ਕਤਲਗਾਹੋ ਨਾ ਡਰਾਉ, ਇਹ ਤਾਂ ਸਾਡੀ ਗੁਜ਼ਰਗਾਹ
ਹੈ। ਫ਼ਿਕਰ ਦੀ ਧੁੱਪੇ ਖਲੋਣਾ, ਏਸ ਦਾ ਆਪਣਾ ਮਜ਼ਾ ਹੈ।
ਅੱਥਰੂ ਕਿੰਞ ਸ਼ਬਦ ਬਣਦੇ, ਇਹ ਤਾਂ ਇਕ ਵੱਖਰਾ ਸਫ਼ਾ
ਹੈ। ਮਰ ਨਾ ਜਾਵੇ ਆਦਮੀਅਤ, ਅੱਜ ਏਹੀ ਤੌਖ਼ਲਾ ਹੈ।
ਗੁਰਭਜਨ ਗਿੱਲ





ਕਰਕੇ ਜਿੰਨ੍ਹਾਂ ਨੂੰ ਯਾਦ ਮੈਂ ਰਾਤੀਂ ਸੀ ਰੋ ਲਿਆ। ਉਨ੍ਹਾਂ
ਸਵੇਰੇ ਉਠਦਿਆਂ ਬੂਹਾ ਹੀ ਢੋ ਲਿਆ। ਇਹ ਉਮਰ
ਜਿੰਨ੍ਹਾਂ ਵਾਸਤੇ ਰੱਖਣੀ ਸੀ ਰਾਖਵੀਂ, ਉਨ੍ਹਾਂ ਨੇ ਸਾਡਾ
ਰਾਤ ਦਿਨ ਹੁਣ ਤੋਂ ਹੀ ਖੋਹ ਲਿਆ। ਦੁਸ਼ਮਣ ਤਾਂ ਹੈਣ
ਦੁਸ਼ਮਣ ਯਾਰਾਂ ਨੂੰ ਕੀ ਕਹਾਂ, ਸਾਰੇ ਦੇ ਸਾਰੇ ਸਾਜ਼ਿਸ਼ੀ
ਸਭ ਨੂੰ ਹੈ ਟੋਹ ਲਿਆ। ਜਿਸਨੂੰ ਮੈਂ ਲੱਭ ਰਿਹਾ ਸਾਂ
ਜਿਸਮ ਆਪਣਾ ਢੱਕ ਕੇ, ਰੌਲੇ 'ਚ ਕਿਸਨੇ ਮੈਥੋਂ ਮੇਰਾ
ਚਿਹਰਾ ਖੋਹ ਲਿਆ। ਵਗਦੀ ਹਵਾ ਦੇ ਕੰਨ ਵਿਚ ਖ਼ਵਰੇ
ਤੂੰ ਕੀ ਕਿਹਾ, ਮੈਨੂੰ ਲਿਪਟ ਗਈ ਜਦੋਂ ਮੈਂ ਤੇਰਾ ਨਾਂ
ਲਿਆ। ਕਾਹਦੇ ਗਿਲੇ ਸ਼ਿਕਾਇਤਾਂ ਜੇ ਨਾ ਮਿਲੇ ਤਾਂ
ਕੀ, ਏਨਾ ਬਹੁਤ ਹੈ ਦਰਦ ਦਾ ਮੈਂ ਗੀਤ ਛੋਹ ਲਿਆ।

ਗੁਰਭਜਨ ਗਿੱਲ


ਮੈਂ ਕਾਦਰ ਨੂੰ ਖ਼ੁਦ ਤੱਕਿਆ ਹੈ,ਮਿੱਟੀ ਦਾ ਅਨੁਵਾਦ
ਕਰਦਿਆਂ। ਟਾਹਣੀਆਂ ਉੱਪਰ ਫੁੱਲ ਤੇ ਪੱਤੇ, ਵਿੱਚ
ਮਹਿਕਾਂ ਵਿਸਮਾਦ ਧਰਦਿਆਂ। ਜੇਕਰ ਤੈਨੂੰ ਰੰਗ ਨਾ
ਦਿਸਦੇ, ਤੀਜਾ ਨੇਤਰ ਖੋਲ੍ਹ ਕੇ ਵੇਖੀਂ, ਧਰਤੀ ਸੂਰਜ
ਵੇਖੇ ਮੈਂ ਤਾਂ , ਸੱਖਮ ਸੱਖਣੀ ਝੋਲ ਭਰਦਿਆਂ।
ਗੁਰਭਜਨ ਗਿੱਲ


ਬੁੱਧ ਮਰ ਗਿਆ ਕਹਿੰਦਾ ਕਹਿੰਦਾ, ਬੰਦਿਆ ਓਇ ਤੂੰ
ਬਦਲ ਦ੍ਰਿਸ਼ਟੀ। ਨਜ਼ਰ ਨਜ਼ਰੀਆ ਨਿਸ਼ਚਤ ਕਰਦੈ,
ਚਾਰ ਚੁਫ਼ੇਰੇ ਸਗਲ ਸ੍ਰਿਸ਼ਟੀ। ਬਦੀਆਂ ਸਿਰ ਬਦਕਾਰ
ਹਮੇਸ਼ਾਂ, ਕੁਰਸੀ ਦਾ ਸੱਚ ਵੱਡਾ ਮੰਨੇ, ਆਸ ਕਿਵੇਂ ਚੰਗੇ
ਦੀ ਉਸ ਤੋਂ, ਜਿਸ ਦੀ ਹੋਵੇ ਸੋਚ ਭ੍ਰਿਸ਼ਟੀ।
ਗੁਰਭਜਨ ਗਿੱਲ


ਮੈਂ ਫੁੱਲਾਂ ਨੂੰ ਬਹੁਤ ਕਿਹਾ ਹੈ,ਰੁੱਤ ਕੰਡਿਆਲੀ ਕਿਉਂ
ਖਿੜਦੇ ਹੋ। ਦੇਣ ਮੋੜਵਾਂ ਉੱਤਰ ਮੈਨੂੰ,ਹੱਕ ਲਈ ਤੁਸੀਂ
ਕਿਉਂ ਭਿੜਦੇ ਹੋ। ਰੁੱਤ ਬਸੰਤੀ ਸਾਡਾ ਮੌਸਮ, ਨਾ ਖਿੜਨਾ
ਹੈ ਜੜ੍ਹ ਨੂੰ ਮਿਹਣਾ, ਸੂਰਜ ਨੂੰ ਇਹ ਕਹਿ ਨਾ ਬੈਠੀਂ,ਦਿਨ
ਨਾ ਫਿਰਦੇ,ਕਿਉਂ ਗਿੜਦੇ ਹੋ?
ਗੁਰਭਜਨ ਗਿੱਲ


ਤਲਖ਼ ਬੁਝਾਰਤ ਧੀ ਪੁੱਛਦੀ ਹੈ, ਦੱਸ ਨੀ ਦੱਸ ਨੀ ਮੇਰੀ
ਮਾਂ। ਥਾਲੀ ਵਿੱਚੋਂ ਕਿਉਂ ਲੈ ਜਾਂਦਾ ਸਾਥੋਂ ਰੋਟੀ ਟੁੱਕਰ
ਕਾਂ। ਦੇਸ਼ ਪ੍ਰੇਮ ਤੇ ਭਗਤੀ ਦੇਂਦੇ ਨੇਤਾ ਜੀ ਉਪਦੇਸ਼ ਬੜੇ,
ਫਿਰਨ ਆਵਾਰਾ ਗਊਆਂ ਜਿੱਥੇ, ਉਸ ਧਰਤੀ ਦਾ ਕੀ
ਹੈ ਨਾਂ? ਗੁਰਭਜਨ ਗਿੱਲ



ਹੇ ਧਰਤੀ ਦੇ ਜਾਇਉ ! ਜਾਗੋ, ਸਾਜ਼ਾਂ ਨਾਲ ਆਵਾਜ਼
ਮਿਲਾਉ। ਰਾਗ ਨਾਦ ਸ਼ਬਦਾਂ ਦੀ ਸੰਗਤ, ਭਾਗਾਂ
ਵਾਲਿਉ, ਰੂਹ ਤ੍ਰਿਪਤਾਉ। ਰਾਵੀ ਪਾਰ ਬਾਰ ਦੇ ਢੋਲੇ,
ਮਾਝੇ ਦੀ ਸੱਦ, ਹੇਕ ਮਾਲਵਾ, ਦੇਸ ਦੋਆਬਾ, ਸਣੇ
ਪੁਆਧਾ,ਮਨ ਮੰਦਰ ਵਿੱਚ ਜੋਤ ਜਗਾਉ।

ਗੁਰਭਜਨ ਗਿੱਲ


ਵੇ ਬੱਚਿਆ, ਨਾ ਕਦੇ ਵਿਸਾਰੀਂ, ਕੁਦਰਤ ਵਰਗੀ ਮਾਂ
ਨਹੀਂ ਲੱਭਣੀ।  ਜੰਮੇ ਪਾਲ਼ੇ ਖੇਡ ਖਿਡਾਵੇ, ਤੁਰ ਗਈ ਤਾਂ
ਫਿਰ ਮਾਂ ਨਹੀਂ ਲੱਭਣੀ।  ਮਾਂ ਬੋਲੀ ਨੇ ਦੱਸਿਆ ਜੀਣਾ,
ਹੱਸਣਾ, ਗੌਣਾ, ਰੋ ਮੂੰਹ ਧੋਣਾ,  ਤਿੰਨਾਂ ਤੋਂ ਜੇ ਟੁੱਟ ਗਿਆ
ਤਾਂ, ਥਲ ਵਿੱਚ ਸੰਘਣੀ ਛਾਂ ਨਹੀਂ ਲੱਭਣੀ।
ਗੁਰਭਜਨ ਗਿੱਲ



ਘਿਰੀ ਹੈ ਜ਼ਿੰਦਗੀ ਕੁਝ ਇਸ ਤਰ੍ਹਾ ਦੇ ਘੇਰੇ ਵਿਚ।
ਸ਼ੈਤਾਨ ਜ਼ੋਰ ਫੜਦਾ ਜਾ ਰਿਹਾ ਹਨੇਰੇ ਵਿਚ। ਮੈਂ ਇਸ ਨੂੰ
ਬਹੁਤ ਵਾਰੀ ਹੋੜਿਆ ਹੈ ਮੁੜਦਾ ਨਹੀਂ, ਇਹ ਫਿਰਦੈ
ਕਰਨ ਨੂੰ ਪੱਕਾ ਨਿਵਾਸ ਮੇਰੇ ਵਿਚ। ਗੁਰਭਜਨ ਗਿੱਲ


ਵਗ ਰਹੀ ਠੰਢੀ ਹਵਾ ਹੈ। ਨਿੱਘ ਕਿਧਰੇ ਲਾਪਤਾ ਹੈ।
ਟਾਹਣੀਆਂ ਵਿਚ ਫੁੱਲ ਜੀਂਦੇ, ਪੱਤਝੜਾਂ ਨੂੰ ਕੀ ਪਤਾ ਹੈ।
ਚਾਰ ਪਾਸੇ ਪਾਣੀਆਂ ਵਿਚ, ਰੁੱਖ ਕਿਉਂ ਸੁੱਕਾ ਖੜ੍ਹਾ ਹੈ?
ਦਰਦ ਤਾਈਂ ਵੰਡ ਦੇਣਾ, ਏਸ ਦੀ ਏਹੀ ਦਵਾ ਹੈ।
ਕਤਲਗਾਹੋ ਨਾ ਡਰਾਉ, ਇਹ ਤਾਂ ਸਾਡੀ ਗੁਜ਼ਰਗਾਹ
ਹੈ। ਫ਼ਿਕਰ ਦੀ ਧੁੱਪੇ ਖਲੋਣਾ, ਏਸ ਦਾ ਆਪਣਾ ਮਜ਼ਾ ਹੈ।
ਅੱਥਰੂ ਕਿੰਞ ਸ਼ਬਦ ਬਣਦੇ, ਇਹ ਤਾਂ ਇਕ ਵੱਖਰਾ ਸਫ਼ਾ
ਹੈ। ਮਰ ਨਾ ਜਾਵੇ ਆਦਮੀਅਤ, ਅੱਜ ਏਹੀ ਤੌਖ਼ਲਾ ਹੈ।
ਗੁਰਭਜਨ ਗਿੱਲ



ਮਹਿਕਾਂ 'ਚ ਭਿੱਜੀ ਪੌਣ ਨੂੰ, ਸਾਹਾਂ 'ਚ ਭਰ ਲਿਆ ਹੈ।
ਅਗਨੀ ਸਰੋਵਰਾਂ ਨੂੰ, ਕਈ ਵਾਰ ਤਰ ਲਿਆ ਹੈ। ਪੁੱਛਦੇ
ਹੋ ਫ਼ਰਕ ਜੇਕਰ, ਤਾਂ ਫ਼ਰਕ ਸਿਰਫ਼ ਏਨਾ, ਇਕ ਵਾਰ
ਜੀਣ ਖ਼ਾਤਰ ਕਈ ਵਾਰ ਮਰ ਲਿਆ ਹੈ।
ਗੁਰਭਜਨ ਗਿੱਲ



ਮੈਂ ਆਪਣੇ ਅੱਜ ਦਿਲ ਦੇ ਵਰਕੇ ਦਿਨ ਚੜ੍ਹਦੇ ਹੀ ਫ਼ੋਲ
ਰਿਹਾ ਸਾਂ। ਮੇਰੇ ਅੰਦਰ ਕਿੰਨੀ ਮਾਂ ਹੈ, ਬਾਪੂ ਜੀ ਨੂੰ ਟੋਲ
ਰਿਹਾ ਸਾਂ। ਵਿੱਚ ਲਿਫ਼ਾਫ਼ੇ ਕੁਝ ਵੀ ਨਹੀਂ ਸੀ, ਜੋ ਕੁਝ
ਉਨ੍ਹਾਂ ਮੈਨੂੰ ਸੌਂਪਿਆ, ਸਮਝ ਪਵੇ ਨਾ ਹੁਣ ਤੀਕਰ ਮੈਂ
ਕਿਹੜਾ ਸੌਦਾ ਤੋਲ ਰਿਹਾ ਸਾਂ। ਗੁਰਭਜਨ ਗਿੱਲ


ਧਰਤੀ ਮੈਨੂੰ ਖ਼ਤ ਲਿਖਿਆ ਹੈ, ਤੂੰ ਕਹਿੰਦਾ ਏਂ ਫੁੱਲ
ਖਿੜਿਆ ਹੈ। ਆਪੋ ਆਪਣੀ ਸੂਝ ਮੁਤਾਬਕ ਸੋਚਾਂ
ਅੰਦਰ ਜੰਗ ਛਿੜਿਆ ਹੈ। ਏਸ ਇਬਾਰਤ ਨੂੰ ਪੜ੍ਹ
ਸਕਣਾ, ਹਰ ਇੱਕ ਦੇ ਨਾ ਹਿੱਸੇ ਆਵੇ, ਸਿੱਖ ਲੈ ਇਸ
ਵਰਕੇ ਨੂੰ ਪੜ੍ਹਨਾ, ਤੇਰਾ ਮੱਥਾ ਕਿਉਂ ਚਿੜਿਆ ਹੈ।
ਗੁਰਭਜਨ ਗਿੱਲ



ਹਰ ਪਲ ਮਾਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ
ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ
ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ
ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ
ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ
ਕਹੀਏ। ਗੁਰਭਜਨ ਗਿੱਲ


ਸੂਰਜ ਨੂੰ ਪੌੜੀ ਨਹੀਂ ਲੱਗਦੀ, ਅੰਦਰ ਜਗਦਾ ਦੀਵਾ
ਧਰਿਉ। ਆਤਮ ਬਲ ਤੇ ਸਬਰ ਸਹਾਰੇ ਆਪੇ ਆਪਣਾ
ਚਿੰਤਨ ਕਰਿਉ। ਆਪਣੀ ਰੂਹ ਦਾ ਲੇਖਾ ਜੋਖਾ ਹੋਰ
ਕਿਸੇ ਤੋਂ ਕਿਉਂ ਕਰਵਾਉਣਾ, ਹੀਲੇ ਨਾਲ ਵਸੀਲੇ
ਬਣਦੇ,ਐਵੇਂ ਨਾ ਬਹਿ ਹੌਕੇ ਭਰਿਉ। ਗੁਰਭਜਨ ਗਿੱਲ


Smile Queen
ਇੱਕੋ ਜੜ੍ਹ ਤੇ ਤਣਾ ਹੈ ਇੱਕੋ, ਤੂੰ ਝੜਿਆ ਮੈਂ ਖਿੜਨਾ
ਵੀਰਾ। ਆਉਣਾ ਜਾਣਾ ਵਾਰੋ ਵਾਰੀ ਸਦੀਆਂ ਤੋਂ ਇਹ
ਜਗਤ ਰਵੀਰਾ। ਪਰ ਖ਼ੁਸ਼ਬੋਈ ਸਾਂਝੀ ਪੂੰਜੀ ਵੰਡਦੇ
ਵੰਡਦੇ ਨਿੰਮੀਏ ਜੰਮੀਏ, ਬੰਦਾ ਕਿਉਂ ਨਹੀਂ ਸਾਥੋਂ
ਸਿੱਖਦਾ,ਜਿਸ ਦਾ ਜਨਮ ਅਮੋਲਕ ਹੀਰਾ।
ਗੁਰਭਜਨ ਗਿੱਲ


ਸਿੱਖ ਲਈਏ ਜੇ ਚੁੱਪ ਦੀ ਭਾਸ਼ਾ, ਬੋਲਣ ਦੀ ਘੱਟ ਲੋੜ
ਪਵੇਗੀ। ਜਦ ਬੋਲੋਗੇ, ਅਸਰ ਪਵੇਗਾ, ਸ਼ਬਦਾਂ ਦੀ ਨਾ
ਥੋੜ ਪਵੇਗੀ। ਬਹੁਤ ਜ਼ਰੂਰੀ ਖ਼ੁਦ ਨੂੰ ਮਿਲਣਾ, ਮਿਲ ਕੇ
ਰੋਜ਼ ਗੁਫ਼ਤਗੂ ਕਰਨਾ, ਸੋਚ ਵਿਚਾਰ ਦੇ ਬਰਤਨ
ਅੰਦਰ, ਸ਼ਬਦਾਂ ਦੀ ਨਾ ਤੋੜ ਪਵੇਗੀ। ਗੁਰਭਜਨ ਗਿੱਲ


ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ
ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਤੂੰ। ਹੋਰਾਂ ਨੂੰ ਵੀ ਹੋੜ
ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ
ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ
ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ


ਇੱਕ ਮਿੱਠੜੀ ਮੁਸਕਾਨ ਬਿਨਾ ਮੈਂ ਤੇਰੇ ਤੋਂ ਕੁਝ ਹੋਰ ਨਾ
ਮੰਗਦਾ। ਤੇਰਾ ਕੰਡ ਘੁਮਾ ਕੇ ਬਹਿਣਾ, ਜਿੰਦ ਮੇਰੀ ਸੂਲੀ
ਤੇ ਟੰਗਦਾ। ਮੰਨਿਆ!ਛਣਕਣ ਹਾਸੇ ਅੰਦਰ ਸੁੱਕੀਆਂ
ਜਿਵੇਂ ਸ਼ਰੀਂਹ ਦੀਆਂ ਫ਼ਲੀਆਂ, ਇੱਕ ਅੱਧ ਡੋਬਾ ਦੇ ਜਾ
ਮੈਨੂੰ,ਮੋਰਨੀਏ ਨੀ ਰੂਹ ਦੇ ਰੰਗ ਦਾ। ਗੁਰਭਜਨ ਗਿੱਲ


ਫੁੱਲਾਂ ਨੂੰ ਜ਼ਬਾਨ ਲਾ ਕੇ ਉਸ ਕਿਹਾ ਖੋਲ੍ਹ ਨਾ। ਮਹਿਕ
ਦੇ ਕੇ ਆਖਿਆ ਤੂੰ ਵਿਕੀਂ ਮਹਿੰਗੇ ਤੋਲ ਨਾ। ਆਉਣੇ
ਵਣਜਾਰੇ ਲੱਖਾਂ, ਮੁੱਲ ਤੇਰਾ ਪਾਉਣ ਲਈ, ਚੁੱਪ ਚਾਪ
ਵੰਡੀ ਜਾਹ ਤੂੰ ਮੂੰਹੋਂ ਪਰ ਬੋਲ ਨਾ। ਗੁਰਭਜਨ ਗਿੱਲ


ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ
ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ,
ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ



ਜ਼ਿੰਦਗੀ 'ਚ ਕਦੇ ਬੀਬਾ ਏਸਰਾਂ ਨਹੀਂ ਕਰੀਦਾ ।
ਬੁਰਿਆਂ ਦੀ ਬਾਤ ਦਾ ਹੁੰਗਾਰਾ ਵੀ ਨਹੀਂ ਭਰੀਦਾ ।
ਬਹਿਣ ਤੇ ਖਲੋਣ ਵੇਲੇ ਇੱਕੋ ਗੱਲ ਜਾਣ ਲੈ, ਸੱਚ ਪੱਲੇ
ਹੋਵੇ, ਕੱਲ੍ਹੇ ਹੋਣ ਤੋਂ ਨਹੀਂ ਡਰੀਦਾ। ਗੁਰਭਜਨ ਗਿੱਲ


ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ।
ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ।
ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ,
ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ।
ਗੁਰਭਜਨ ਗਿੱਲ


ਧਰਤ ਪਿਆਸੀ ਤੇ ਮੀਂਹ ਵਰ੍ਹਿਐ, ਚੱਲ ਹੁਣ ਮਨ ਦਾ
ਮੋਰ ਨਚਾਈਏ। ਅੰਬਰ ਦੀ ਧਰਤੀ ਨੂੰ ਚੁੰਮੀਏ, ਪੌਣਾਂ ਨੂੰ
ਗਲਵੱਕੜੀ ਪਾਈਏ। ਬਿਰਖ਼ਾਂ ਦੀ ਤਿਪ ਤਿਪ ਦੇ
ਕੋਲੋਂ,ਕਥਾ ਵਾਰਤਾ ਸੁਣੀਏ ਭਿੱਜ ਕੇ, ਆਪਣਿਆਂ
ਕਲਬੂਤਾਂ ਵਿੱਚੋਂ, ਬਾਲ ਬਚਪਨਾ ਫੇਰ ਜਗਾਈਏ।
ਗੁਰਭਜਨ ਗਿੱਲ


ਆਪੇ ਆਪਣੇ ਵੈਰੀ ਬਣ ਗਏ,ਸਾਡਾ ਦੁਸ਼ਮਣ ਬਾਹਰ
ਨਾ ਕੋਈ। ਧਰਮ ਧੁਰੇ ਤੋਂ ਲਾਹ ਕੇ ਆਪਾਂ, ਨੱਚ ਰਹੇ ਹਾਂ
ਲਾਹ ਕੇ ਲੋਈ। ਅਮਰ ਵੇਲ ਦੀ ਆਪਣੀ ਜੜ੍ਹ ਤਾਂ ਨਾ
ਧਰਤੀ ਨਾ ਅੰਬਰੀਂ ਹੋਵੇ, ਪੱਤ ਹਰਿਆਲੇ ਬਿਰਖ਼
ਸੁਕਾਵੇ, ਆਪਣਾ ਜਿਸ ਦਾ ਬੀਜ ਨਾ ਕੋਈ।
ਗੁਰਭਜਨ ਗਿੱਲ



ਵਕਤ ਦੇ ਕੋਰੇ ਸਫ਼ਿਆਂ ਉੱਤੇ, ਇੱਕ ਅੱਧ ਵਾਕ ਚਲੋ ਹੁਣ ਜੜੀਏ। ਲਿਖਣ ਤੋਂ ਪਹਿਲਾਂ ਬਹੁਤ ਜ਼ਰੂਰੀ, ਪਹਿਲਾਂ ਕੰਧ ਤੇ ਲਿਖਿਆ ਪੜ੍ਹੀਏ। ਸ਼ਬਦ ਸਲੀਕਾ, ਤਾਲ ਤੇ ਸੁਰ ਦਾ,ਸਹਿਜ ਸੁਮੇਲ ਪਰੋ ਕੇ ਸਾਹੀਂ, ਬੀਤੇ,ਅੱਜ ਤੋਂ ਸੁਹਣੇ ਸੁਪਨੇ, ਵਰਗੀ ਸੂਰਤ ਕੱਲ੍ਹ ਦੀ ਘੜੀਏ।

ਗੁਰਭਜਨ ਗਿੱਲ



ਧਨ ਦੌਲਤ ਦੇ ਜ਼ੋਰ ਤੇ ਉੱਚੇ, ਕਿੰਨੇ ਬੁਰਜ ਬਣਾ ਲੈ ਭਾਵੇਂ।
ਓੜਕ ਨੂੰ ਤਾਂ ਬੰਦਿਆ ਤੈਨੂੰ ਬਹਿਣਾ ਪੈਣੈ ਰੁੱਖ ਦੀ ਛਾਵੇਂ।
ਅੰਬਰ ਵੱਲ ਨੂੰ ਵੇਖਦਿਆਂ ਜਦ ਠੇਡਾ ਲੱਗਿਆ, ਉੱਠ
ਨਹੀਂ ਸਕਣਾ, ਮਾਂ ਜਣਨੀ, ਮਾਂ ਬੋਲੀ ਪੁੱਤਰਾ, ਤੀਜੀ ਮਾਂ
ਕਿਉਂ ਧਰਤ ਭੁਲਾਵੇਂ। ਗੁਰਭਜਨ ਗਿੱਲ


ਤੇਰਾ ਖ਼ਤ ਮਿਲਿਆ ਤਾਂ ਲੱਗਿਆ, ਚੰਨ ਚਾਨਣੀ ਰਾਤ
ਪਈ ਹੈ। ਕੀ ਦੱਸਾਂ, ਬਿਨ ਪੜ੍ਹਿਆਂ ਤੋਂ ਹੀ, ਇੰਨ ਬਿੰਨ
ਤੇਰੀ ਝਾਤ ਪਈ ਹੈ। ਜਿਉਂ ਖ਼ੁਸ਼ਬੋਈ ਤੇ ਰੰਗ
ਰਹਿੰਦੇ,ਭਾਰ ਕਦੇ ਨਹੀਂ ਬਣਦੇ ਫੁੱਲ ਤੇ, ਸੱਚ ਮੰਨੀਂ !ਇੰਜ
ਲੱਗਿਆ,ਰੂਹ ਤੇ ਚਾਨਣ ਦੀ ਬਰਸਾਤ ਪਈ ਹੈ।
ਗੁਰਭਜਨ ਗਿੱਲ


ਕਿੰਨਾ ਕੁਝ ਹੈ ਇਸ ਦੇ ਅੰਦਰ ਯਾਦਾਂ ਦਾ ਸਰਮਾਇਆ
ਫ਼ੋਲੋ। ਬੜਾ ਕੀਮਤੀ ਮਾਲ ਖ਼ਜ਼ਾਨਾ,ਬੀਤ ਗਏ ਦੀ
ਗੰਢੜੀ ਖ਼ੋਲੋ। ਕਿਸ ਪਲ ਕਿਹੜੀ ਗੱਲ ਤੇ ਹੱਸੇ, ਰੋਏ
ਕਿਹੜੇ ਮੋੜ ਦੇ ਉੱਤੇ, ਇਕਲਾਪੇ ਦਾ ਲਾਭ ਉਠਾਉ, ਦਿਲ
ਦੇ ਨਾਲ ਕਦੇ ਤਾਂ ਬੋਲੋ। ਗੁਰਭਜਨ ਗਿੱਲ


ਮਨ ਦਾ ਬਾਗ਼ ਬਗੀਚਾ ਖਿੜਿਆ, ਤੇਰੇ ਨਾਲ ਗੁਫ਼ਤਗੂ
ਕਰਕੇ। ਤਪਦੀ ਲੋਹ ਤੇ ਮੀਂਹ ਵਰ੍ਹਿਆ ਹੈ, ਰਹਿਮਤ
ਕੀਤੀ ਤੂੰ ਜੀਅ ਭਰਕੇ। ਕਦੇ ਕਦਾਈਂ, ਏਸ ਤਰ੍ਹਾਂ ਹੀ
ਦਿਲ ਕਰਦਾ ਹੈ ਸੁਣਾਂ, ਸੁਣਾਵਾਂ, ਮੈਂ ਅਣ ਤਾਰੂ ਦੱਸ
ਕਿੰਜ ਆਵਾਂ, ਤੇਰੇ ਦਿਲ ਦਰਿਆ ਨੂੰ ਤਰ ਕੇ।
ਗੁਰਭਜਨ ਗਿੱਲ


ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫ਼ੁੱਲਾਂ ਦੇ ਨਾਲ।
ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ।
ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ,
ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ।
ਗੁਰਭਜਨ ਗਿੱਲ


ਰੂਹ ਦੀ ਤਾਰ  ਹਿਲਾ ਮੇਰੀ ਜਿੰਦੀਏ, ਧਰਤੀ ਗਾਵਣ
ਲਾ।  ਬ੍ਰਹਿਮੰਡ ਨੂੰ ਚੁੱਪ ਖਾ ਨਾ ਜਾਵੇ, ਸਰਗਮ ਕੰਠ
ਛੁਹਾ।      ਆਪੋ ਆਪਣਾ ਹਿੱਸਾ ਪਾਈਏ, ਸ਼ਬਦ, ਧੁਨਾਂ
ਰੰਗ ਸਾਰੇ,  ਇਹ ਵੇਲਾ ਜੇ ਖੁੰਝ ਗਿਆ ਤਾਂ, ਰਹਿ ਜਾਣਾ
ਪਛਤਾਆ। ਗੁਰਭਜਨ ਗਿੱਲ



ਚਸ਼ਮਾ ਖ਼ਾਰੇ ਪਾਣੀ ਵਾਲ਼ਾ ਨੈਣਾਂ ਵਿਚਲੇ ਖੂਹ ਦੇ ਅੰਦਰ। ਅਜਬ ਖ਼ਲਬਲੀ ਮੱਚਦੀ ਤਾਂਹੀਂਉਂ, ਸੋਚਾਂ ਵਾਲ਼ੀ ਜੂਹ ਦੇ ਅੰਦਰ। ਕਿਵੇਂ ਖਿਡੌਣਿਆਂ ਵਾਲੀ ਹੱਟੀ ਤੇ ਕੰਮ ਕਰਦਾ ਬੱਚਾ ਤਰਸੇ, ਪਰਖ਼ ਮਸ਼ੀਨ ਬਣੀ ਨਾ ਹਾਲੇ, ਕੀ ਕੁਝ ਟੁੱਟਦਾ ਰੂਹ ਦੇ ਅੰਦਰ। ਗੁਰਭਜਨ ਗਿੱਲ


ਧੁੱਪਾਂ ਛਾਵਾਂ ਸਮ ਕਰ ਜਾਣੋ,ਜੀਵਨ ਸਾਥ ਨਿਰੰਤਰ
ਮਹਿਕੇ। ਫੁੱਲ ਕਲੀਆਂ ਖ਼ੁਸ਼ਬੋਈਆਂ ਵੰਡੋ, ਆਲ
ਦੁਆਲ ਚੌਗਿਰਦਾ ਟਹਿਕੇ। ਇੱਕ ਓਂਕਾਰ ਭਰੋਸੇ
ਸਦਕਾ, ਤੱਤੀ 'ਵਾ ਤੋਂ ਧਰਤ ਬਚਾਉ, ਘਰ ਪਰਿਵਾਰ
ਬਣਾਈਏ ਆਲਮ ਇੱਕ ਦੂਜੇ ਦੇ ਦਿਲ ਵਿੱਚ ਲਹਿ ਕੇ।
ਗੁਰਭਜਨ ਗਿੱਲ



ਡਟਿਆ ਰਹਿ ਤੂੰ ਕਿਰਤੀ ਪੁੱਤਰਾ, ਹਰ ਪਲ ਗੁਰੂ ਹੈ ਅੰਗ ਸੰਗ ਤੇਰੇ। ਬਿਣਸ ਜਾਣਗੇ ਹੈਂਕੜਧਾਰੀ, ਕੂੜ ਕੁਫ਼ਰ ਦੇ ਗੂੜ੍ਹ ਹਨ੍ਹੇਰੇ। ਇੱਕ ਮੁੱਠ ਰੱਖੀਂ, ਸ਼ਕਤੀ ਹੈ ਇਹ,ਸ਼ੁਭ ਕਰਮਨ ਤੇ ਨਿਸ਼ਚਾ ਦੋਵੇਂ, ਤੈਨੂੰ ਆਪ ਉਡੀਕਣਗੇ ਫਿਰ, ਆਸਾਂ ਲੱਦੇ ਸੋਨ ਸਵੇਰੇ।

ਗੁਰਭਜਨ ਗਿੱਲ


ਅਮਨਾਂ ਦੀ ਘੁੱਗੀ ਦੇ ਮੂੰਹ ਵਿੱਚ ਜੀਵੇ ਸਦਾ ਜੈਤੂਨ ਦੀ
ਪੱਤੀ। ਮਗਰ ਸ਼ਿਕਾਰੀ ਇਸ ਦੇ ਭਾਵੇਂ ਤੋਪ,ਬੰਦੂਕਾਂ
ਦੁਸ਼ਮਣ ਛੱਤੀ। ਧਰਤੀ, ਅੰਬਰ, ਪੌਣ ਸਹਾਰੇ ਇਹ
ਭਰਦੀ ਪਰਵਾਜ਼ ਹਮੇਸ਼ਾਂ, ਭਰੂ ਸੰਦੂਕ ਉਮੀਦਾਂ
ਵਾਲਾ,ਹਾਲੇ ਤਾਂ ਇੱਕ ਪੂਣੀ ਕੱਤੀ। ਗੁਰਭਜਨ ਗਿੱਲ


ਮੈਂ ਕਾਦਰ ਨੂੰ ਖ਼ੁਦ ਤੱਕਿਆ ਹੈ,ਮਿੱਟੀ ਦਾ ਅਨੁਵਾਦ
ਕਰਦਿਆਂ। ਟਾਹਣੀਆਂ ਉੱਪਰ ਫੁੱਲ ਤੇ ਪੱਤੇ, ਵਿੱਚ
ਮਹਿਕਾਂ ਵਿਸਮਾਦ ਧਰਦਿਆਂ। ਜੇਕਰ ਤੈਨੂੰ ਰੰਗ ਨਾ
ਦਿਸਦੇ, ਤੀਜਾ ਨੇਤਰ ਖੋਲ੍ਹ ਕੇ ਵੇਖੀਂ, ਧਰਤੀ ਸੂਰਜ
ਵੇਖੇ ਮੈਂ ਤਾਂ , ਸੱਖਮ ਸੱਖਣੀ ਝੋਲ ਭਰਦਿਆਂ।
ਗੁਰਭਜਨ ਗਿੱਲ


ਤੁਰਿਆਂ ਬੰਦਿਆਂ ਅੱਗੇ ਸੱਜਣਾ, ਕਦੇ ਕੋਈ ਵੀ ਰਾਹ
ਨਹੀਂ ਮੁੱਕਦੇ। ਸਫ਼ਰ ਸਦੀਵੀ ਸ਼ਕਤੀ ਜਿਸ ਦੀ, ਕਦੇ
ਨਿਸ਼ਾਨੇ ਤੋਂ ਨਹੀਂ ਉੱਕਦੇ। ਮੀਲਾਂ ਵਾਲੇ ਪੱਥਰ ਗਿਣਦੇ
ਲੋਕ ਹਮੇਸ਼ਾਂ ਥੱਕ ਜਾਂਦੇ ਨੇ, ਦਰਿਆਵਾਂ ਨੇ ਕੰਨ ਵਿੱਚ
ਦੱਸਿਐ, ਹਿੰਮਤ ਦੇ ਸੋਮੇ ਨਹੀਂ ਸੁੱਕਦੇ। ਗੁਰਭਜਨ ਗਿੱਲ


ਬਾਕੀ ਛੱਡ ਤੂੰ, ਮੇਰਾ ਦਿੱਤਾ, ਗੁੱਛਾ ਸੁਰਖ਼ ਗੁਲਾਬ ਸਾਂਭ
ਲੈ। ਤੇਰਾ ਰਾਹ ਰੁਸ਼ਨਾਉਣਾ ਜਿਸਨੇ, ਦੂਜੀ ਪਾਕ
ਕਿਤਾਬ ਸਾਂਭ ਲੈ। ਹਥਿਆਰਾਂ ਤੇ ਮਾਣ ਕਰਦਿਆ,
ਇਨ੍ਹਾਂ ਸਭਨਾਂ ਦਾ ਮੂੰਹ ਕਾਲ਼ਾ, ਪਿਆਰ ਤਰੌਂਕਾ ਮਾਰ
ਪਿਆਰੇ, ਭਖ਼ਦਾ ਹੈ ਪੰਜਾਬ, ਸਾਂਭ ਲੈ।
ਗੁਰਭਜਨ ਗਿੱਲ


ਨਾਮ ਦੇਣ ਦੀ ਕੋਸ਼ਿਸ਼ ਨਾ ਕਰ ਚਾਨਣ ਬਿਨ
ਪਰਛਾਵਿਉਂ ਜਗਦਾ। ਤੇਰੇ ਮਨ ਹੀ ਗੂੜ੍ਹ ਹਨ੍ਹੇਰਾ, ਤਾਂ
ਹੀ ਤੈਨੂੰ ਡਰ ਹੈ ਲਗਦਾ। ਆਪਣੇ ਕਦਮ ਸੰਭਾਲ
ਮੂਰਖ਼ਾ, ਤੇਰੇ ਅੱਗੇ ਵੀ ਨੇ ਖਾਈਆਂ, ਹਰ ਕਿਣਕੇ ਦੇ
ਮੱਥਿਉਂ ਪੜ੍ਹ ਲੈ, ਕਣ ਕਣ ਅੰਦਰ ਸੂਰਜ ਦਗਦਾ।
ਗੁਰਭਜਨ ਗਿੱਲ


ਸੁਣਿਆ ਸੀ ਪਰ ਵੇਖਿਆ ਨਹੀਂ ਸੀ, ਚਿੜੀਆਂ ਦੀ
ਮੌਤ ਗੰਵਾਰਾਂ ਹਾਸਾ। ਹਾਕਮ ਦੇ ਦਰਵਾਜ਼ੇ ਅੱਗੇ, ਵੇਖ
ਲਿਆ ਹੈ ਇਹ ਵੀ ਪਾਸਾ। ਹੱਕਾਂ ਨੂੰ ਮੰਗਾਂ ਪਏ
ਆਖਣ, ਤਖ਼ਤ -ਨਸ਼ੀਨਾਂ ਦੀ ਮੱਤ ਵੇਖੋ, ਦਾਨਵੀਰ ਦੇ
ਹੱਥ ਵਿੱਚ ਦੇਣਾ ਚਾਹੁੰਦੇ ਨੇ ਇਹ ਸੱਖਣਾ ਕਾਸਾ।
ਗੁਰਭਜਨ ਗਿੱਲ


ਸੂਰਜ ਲਾੜਾ ਬਣ ਕੇ ਢੁੱਕਿਆ, ਧਰਤੀ ਬੰਦਨਬਾਰ
ਸਜਾਏ। ਰੋਜ਼ ਉਡੀਕੇ ਅਗਨ - ਲਗਨ ਨੂੰ, ਆਵੇ ਆ
ਕੇ 'ਨ੍ਹੇਰ ਮਿਟਾਏ। ਫੁੱਲਾਂ ਵਿੱਚ ਰੰਗ, ਰਸਵੰਤੇ ਫ਼ਲ ਇਹ
ਕਰ ਦੇਵੇ ਨੂਰ ਪਸਾਰਾ, ਰਾਤ ਗਈ, ਪ੍ਰਭਾਤੀ ਵੇਲੇ ਇਹ
ਹੀ ਆਣ ਹਲੂਣ ਜਗਾਏ। ਗੁਰਭਜਨ ਗਿੱਲ



ਚਮੜੀ ਗੋਰੀ ਚਿੱਟੀ ਵਰਗੀ ਰੰਗਾਂ ਦੀ ਗੱਲ ਕਰਿਆ
ਨਾ ਕਰ। ਦਿਲ ਦੀ ਦੌਲਤ ਹੁੰਦਿਆਂ ਸੁੰਦਿਆਂ ਠੰਢੇ
ਹਾਉਕੇ ਭਰਿਆ ਨਾ ਕਰ। ਤੂੰ ਤਾਂ ਹੈਂ ਹਰ ਰਣ ਦਾ ਜੋਧਾ,
ਤੂੰ ਰੰਗਾਂ ਤੋਂ ਕੀ ਲੈਣਾ ਹੈ, ਦੁਨੀਆਦਾਰ ਬਾਜ਼ਾਰ ਦੇ
ਕੈਦੀ, ਇਨ੍ਹਾਂ ਤੋਂ ਤੂੰ ਡਰਿਆ ਨਾ ਕਰ। ਗੁਰਭਜਨ ਗਿੱਲ


ਹੁਸਨ ਸਦੀਵੀ ਲੰਮਾ ਚਿਰ ਤਾਂ,ਅੱਖੀਆਂ ਅੰਦਰ ਬਹਿ
ਨਹੀਂ ਸਕਦਾ। ਦਿਲ ਦੀ ਦੌਲਤ ਜੋ ਬਣ ਜਾਵੇ,ਹੋਰ ਕਿਸੇ
ਥਾਂ ਰਹਿ ਨਹੀਂ ਸਕਦਾ। ਨੈਣ ਨਿਰੰਤਰ ਤੱਕਦੇ ਜਲਵੇ,
ਇਸ ਧਰਤੀ ਤੇ ਵੰਨ ਸੁਵੰਨੇ, ਦਿਲ ਦੀ ਧੜਕਣ ਵਿੱਚ ਤੂੰ
ਹਾਜ਼ਰ, ਇਸ ਤੋਂ ਅੱਗੇ ਕਹਿ ਨਹੀਂ ਸਕਦਾ। ਗੁਰਭਜਨ
ਗਿੱਲ


ਸੋਹਣੇ ਹੱਥਾਂ ਬੁਣਤੀ ਕੀਤੀ,ਜਾਵਾਂ ਮੈਂ ਬਲਿਹਾਰੇ। ਰੰਗ
ਹੀ ਬੋਲਣ, ਰੰਗ ਹੀ ਸੁਣਦੇ, ਰੰਗ ਹੀ ਭਰਨ ਹੁੰਗਾਰੇ।
ਧਰਤ ਸੁਹਾਗਣ ਦੇ ਘਰ ਅੰਦਰ ਚੂਹੇ ਪਲ਼ ਗਏ ਮੋਟੇ,
ਜੋ ਤੰਦਾਂ ਨੂੰ ਕੁਤਰ ਰਹੇ ਨੇ, ਬਣ ਕੇ ਮੀਤ ਹਮਾਰੇ।
ਗੁਰਭਜਨ ਗਿੱਨ


ਇੱਕ ਓਂਕਾਰ ਸਿਖਾਵੇ ਏਕਾ, ਸਬਕ ਮੂਲ ਨਾ ਭੁੱਲਿਉ।
ਤੰਦ ਕਦੇ ਕਮਜ਼ੋਰ ਪਵੇ ਨਾ,ਓਇ ਮੋਤੀ ਅਣਮੁੱਲਿਉ।
ਨਿਸ਼ਚੇ ਬਾਝੋਂ ਭਟਕੇ ਮੱਥਾ, ਪੱਲੇ ਭਟਕਣ ਪਾਵੇ, ਊਣੇ
ਭਾਂਡੇ ਵਾਂਗਰ ਐਵੇਂ, ਕੰਢਿਆਂ ਤੋਂ ਨਾ ਡੁੱਲ੍ਹਿਉ।
ਗੁਰਭਜਨ ਗਿੱਲ


ਸ਼ਬਦ ਮੇਰੇ ਲਈ ਮਾਪਿਆਂ ਵਰਗੇ, ਜੋ ਮੰਗਦਾ ਹਾਂ,
ਨਾਂਹ ਨਹੀਂ ਕਰਦੇ। ਜੇਕਰ ਕਰਾਂ ਫ਼ਜ਼ੂਲ ਖ਼ਰਚੀਆਂ,ਫੇਰ
ਕਦੇ ਵੀ ਹਾਂ ਨਹੀਂ ਕਰਦੇ। ਮਾਂ ਬੋਲੀ ਦੀਆਂ ਪੋਟਲੀਆਂ
'ਚੋਂ ਸਗਲ ਖ਼ਜ਼ਾਨੇ ਵਰਤ ਰਿਹਾ ਹਾਂ, ਸਹੀ ਸਮੇਂ ਜੇ ਸੱਚ
ਨੂੰ ਆਖਾਂ , ਇੱਕ ਵੀ ਕਦਮ ਪਿਛਾਂਹ ਨਹੀਂ ਕਰਦੇ।
ਗੁਰਭਜਨ ਗਿੱਲ




ਉਹ ਤਾਂ ਸਮਝ ਰਹੇ ਸੀ ਜੰਗਲ ਅਗਨ ਹਵਾਲੇ ਕਰਕੇ।
ਪੱਤੀ ਪੱਤੀ ਰਾਖ਼ ਬਣੀ ਹੈ, ਕਿੰਜ ਉੱਠੇਗੀ ਮਰ ਕੇ।
ਪਰ ਜ਼ਰਖ਼ੇਜ਼ ਜ਼ਮੀਨ, ਜ਼ਮੀਰਾਂ ਮਰਨ ਕਦੇ ਨਾ ਸ਼ਾਹੋ,
ਅਸੀਂ ਜਿਉਂਦੇ ਅਸੀਂ ਜਾਗਦੇ, ਸਦਾ ਹੋਣੀਆਂ ਵਰ ਕੇ।
ਗੁਰਭਜਨ ਗਿੱਲ



ਸੁਣੋ ਸੁਣੋ ਧਰਤੀ ਦੇ ਲੋਕੋ, ਜਾਂਦਾ ਸੂਰਜ ਕੀ ਕਹਿ
ਚੱਲਿਆ। ਮੇਰੀ ਚੜ੍ਹਤਲ ਦਿਨ ਚੜ੍ਹਿਆ ਸੀ,ਰਾਤ ਪਊ
ਹੁਣ ਮੈਂ ਲਹਿ ਚੱਲਿਆ। ਫ਼ੁੱਲ, ਫ਼ਲਾਂ ਵਿੱਚ ਰੰਗ ਰਸ
ਭਰਨਾ, ਮੇਰੀ ਅਜ਼ਲੋਂ ਜ਼ੁੰਮੇਵਾਰੀ, ਕੱਲ੍ਹ ਸਵੇਰੇ ਫਿਰ
ਆਵਾਂਗਾ, ਸਮਝ ਲਇਓ ਨਾ ਮੈਂ ਬਹਿ ਚੱਲਿਆ।

ਗੁਰਭਜਨ ਗਿੱਲ




ਦਿਲ ਦਰਵਾਜ਼ੇ ਥਾਣੀਂ ਲੰਘ ਕੇ, ਵੇਖੋ ਰਸੀਆ ਕੀ
ਕਰਦਾ ਹੈ। ਨੈਣੀਂ ਦਰਸ ਦਿਖਾਉਂਦਾ ਨਹੀਂਉਂ,ਬਿਨ ਵੇਖੇ
ਨਾ ਮਨ ਭਰਦਾ ਹੈ। ਜੋਤ ਨਿਰੰਤਰ ਤੇਰੇ ਮੇਰੇ ਸਭ ਦੀ
ਰੂਹ ਵਿੱਚ,ਕੌਣ ਪਛਾਣੇ, ਪਾਣੀ ਅੰਦਰ ਜੰਮਦਾ, ਪਲ਼ਦਾ,
ਖਿੜਦਾ ਵੇਖੋ ਕਿੰਜ ਤਰਦਾ ਹੈ। ਗੁਰਭਜਨ ਗਿੱਲ


ਹਰ ਤੁਪਕੇ ਦੀ ਅੱਡਰੀ ਹਸਤੀ ਸਗਲ ਸਮੁੰਦਰ ਖ਼ਾਰੇ
ਅੰਦਰ। ਜਿਵੇਂ ਹਮੇਸ਼ਾਂ ਮੈਂ ਹਾਂ ਹਾਜ਼ਰ ਤੇਰੀ ਅੱਖ ਦੇ ਤਾਰੇ
ਅੰਦਰ। ਲੱਭਣਾ ਪੈਂਦਾ ਏਸ ਤਰ੍ਹਾਂ ਹੀ ਆਪਣੇ ਅੰਦਰੋਂ
ਪੁਰਖ ਵਿਧਾਤਾ, ਘੁਲ਼ਿਆ ਮਿਲਿਆ ਖ਼ੁਸ਼ਬੂ ਬਣ ਕੇ
ਤੇਰੇ ਮੇਰੇ ਸਾਰੇ ਅੰਦਰ। ਗੁਰਭਜਨ ਗਿੱਲ


ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ
ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਤੂੰ। ਹੋਰਾਂ ਨੂੰ ਵੀ ਹੋੜ
ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ
ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ
ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ, ਮੇਰੇ ਯਾਰੋ, ਚਿਹਰੇ ਤੇ ਮੁਸਕਾਨ
ਲਿਆਉ। ਦਿਲ ਦੇ ਅੰਦਰ ਪਿਆਰ ਬਗੀਚੀ,ਲੋੜ
ਮੁਤਾਬਕ ਪਾਣੀ ਪਾਉ। ਮਨ ਮਸਤਕ ਵਿੱਚ ਨੇਕ
ਖ਼ਿਆਲੀ,ਮਹਿੰਗੀ ਪੂੰਜੀ ਸਾਂਭੋ ਸੱਜਣੋ, ਵਕਤ
ਗੁਆਚਾ ਹੱਥ ਨਾ ਆਏ, ਮਗਰੋਂ ਨਾ ਬਹਿ ਕੇ ਪਛਤਾਉ।
ਗੁਰਭਜਨ ਗਿੱਲ


ਸਿੱਖ ਲਈਏ ਜੇ ਚੁੱਪ ਦੀ ਭਾਸ਼ਾ, ਬੋਲਣ ਦੀ ਘੱਟ ਲੋੜ
ਪਵੇਗੀ। ਜਦ ਬੋਲੋਗੇ, ਅਸਰ ਪਵੇਗਾ, ਸ਼ਬਦਾਂ ਦੀ ਨਾ
ਥੋੜ ਪਵੇਗੀ। ਬਹੁਤ ਜ਼ਰੂਰੀ ਖ਼ੁਦ ਨੂੰ ਮਿਲਣਾ, ਮਿਲ ਕੇ
ਰੋਜ਼ ਗੁਫ਼ਤਗੂ ਕਰਨਾ, ਸੋਚ ਵਿਚਾਰ ਦੇ ਬਰਤਨ
ਅੰਦਰ, ਸ਼ਬਦਾਂ ਦੀ ਨਾ ਤੋੜ ਪਵੇਗੀ। ਗੁਰਭਜਨ ਗਿੱਲ



ਨਕਲੀ ਫੁੱਲ ਬਾਜ਼ਾਰੋਂ ਲੈ ਕੇ, ਗੁਲਦਸਤੇ ਨੂੰ ਖ਼ੂਬ
ਸਜਾਈਏ। ਮਹਿਕ ਵਿਹੂਣੀ ਜ਼ਿੰਦਗੀ ਅੰਦਰ ਰੰਗਾਂ ਦਾ
ਸੰਸਾਰ ਵਸਾਈਏ। ਇਸ ਧਰਤੀ ਤੇ ਵਧ ਗਏ ਨਕਲੀ,
ਚਿਹਰੇ, ਹਾਸੇ ਤੇ ਖ਼ੁਸ਼ਬੋਈਆਂ, ਅਸਲੀ ਜੜ੍ਹ ਤੋਂ ਟੁੱਟ
ਗਏ ਆਂ, ਨਕਲੀ ਰਿਸ਼ਤੇ ਸਾਕ ਬਣਾਈਏ।
ਗੁਰਭਜਨ ਗਿੱਲ



ਤਰੇਲ ਦੇ ਮੋਤੀ ਲਿਸ਼ਕ ਰਹੇ ਨੇ ਟਾਹਣੀ ਟਾਹਣੀ ਬਣ ਕੇ ਜਲ ਕਣ। ਸਾਗਰ ਤਪਿਆ ਅੰਬਰੀਂ ਪਹੁੰਚੇ ਸੀਤਲ ਹੋ ਕੇ ਬਿਰਖ਼ੀਂ ਲਮਕਣ। ਇਹ ਅੱਥਰੂ ਨੇ ਪ੍ਰਕਿਰਤੀ ਦੇ ਨੇਤਰ ਖੋਲ੍ਹੋ ਦਰਦ ਪਛਾਣੋ, ਇੱਕ ਤੁਪਕੇ ਵਿੱਚ ਕੀ ਕੁਝ ਬੋਲੇ ਦਮ ਦਮ ਬੋਲੇ ਇਸ 'ਚੋਂ ਕਣ ਕਣ।

ਗੁਰਭਜਨ ਗਿੱਲ


ਫੁੱਲਾਂ ਨੂੰ ਜ਼ਬਾਨ ਲਾ ਕੇ ਓਸ ਕਿਹਾ ਖੋਲ੍ਹ ਨਾ। ਮਹਿਕ
ਦੇ ਕੇ ਆਖਿਆ ਤੂੰ ਵਿਕੀਂ ਮਹਿੰਗੇ ਤੋਲ ਨਾ। ਆਉਣੇ
ਵਣਜਾਰੇ ਲੱਖਾਂ, ਮੁੱਲ ਤੇਰਾ ਪਾਉਣ ਲਈ, ਚੁੱਪ ਚਾਪ
ਵੰਡੀ ਜਾਹ ਤੂੰ ਮੂੰਹੋਂ ਪਰ ਬੋਲ ਨਾ। ਗੁਰਭਜਨ ਗਿੱਲ


ਮੰਜ਼ਿਲ ਵੱਲ ਨਾ ਜਾਵੇ, ਮਿੱਤਰਾ ਰਾਹ ਨਹੀਂ ਹੁੰਦਾ। ਤੀਜੇ
ਨੇਤਰ ਵਾਲਾ ਤਾਂ ਗੁਮਰਾਹ ਨਹੀਂ ਹੁੰਦਾ। ਗ਼ਫ਼ਲਤ ਮਾਰੇ
ਬੰਦੇ ਅਕਸਰ ਕਹਿੰਦੇ ਸੁਣਿਆਂ, ਤੂੰ ਹੀ ਕਰਦੇ, ਮੇਰੇ ਤੋਂ ਤੇ
ਆਹ ਨਹੀਂ ਹੁੰਦਾ। ਗੁਰਭਜਨ ਗਿੱਲ


ਭਰ ਜਾਂਦਾ ਏ ਸਾਡੇ ਸੁੱਤਿਆਂ, ਫੁੱਲਾਂ ਅੰਦਰ ਰੰਗ
ਲਲਾਰੀ। ਵੰਨ ਸੁਵੰਨੀਆਂ ਕਿਰਨਾਂ ਕੂਚੀ, ਫੇਰੇ ਸਭ ਤੇ
ਇੱਕੋ ਵਾਰੀ। ਹਰ ਬੂਟੇ ਦੀ ਆਪਣੀ ਸੀਮਾ
ਨੀਲਾ,ਪੀਲਾ,ਸੂਹਾ ਚੁਣਨਾ, ਰਲ ਮਿਲ ਕੇ ਹੀ ਬਣਦੀ
ਏਦਾਂ ਧਰਤੀ ਮਾਂ ਦੇ ਸਿਰ ਫੁਲਕਾਰੀ। ਗੁਰਭਜਨ ਗਿੱਲ


ਅੱਜ ਉੱਠਦੇ ਸਵੇਰੇ ਤੇਰਾ ਆਇਆ ਸੀ ਖ਼ਿਆਲ। ਝੋਲੀ
ਭਰ ਗਈ ਹੈ ਮੇਰੀ ਸੂਹੇ ਸੂਹੇ ਫੁੱਲਾਂ ਨਾਲ। ਹੋਰ ਸਾਰੇ ਹੀ
ਸਵਾਲਾਂ ਦੇ ਜਵਾਬ ਮੇਰੇ ਕੋਲ, ਕੱਲ੍ਹਾ ਹੱਲ ਹੀ ਨਾ ਹੋਵੇ,
ਤੇਰੀ ਚੁੱਪ ਦਾ ਸਵਾਲ। ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ, ਆ ਜਾ ਆਪਾਂ ਦੋਵੇਂ ਰਲ਼ ਕੇ ਸੂਰਜ ਫੜੀਏ। ਡੰਡਾ ਡੰਡਾ ਸਹਿਜੇ ਸਹਿਜੇ ਕਿਰਨਾਂ ਦੀ ਪੌੜੀ ਤੇ ਚੜ੍ਹੀਏ। ਇਹ ਕਾਰਜ ਨਾ ਸਹਿਜ ਸੁਖਾਲਾ, ਅੱਭੜਵਾਹੇ ਕਰ ਨਾ ਬਹਿਣਾ, ਚਾਨਣ ਦਾ ਹਰ ਵਰਕਾ ਵਰਕਾ, ਸਹਿਜ ਮਤੇ ਹਰ ਅੱਖਰ ਪੜ੍ਹੀਏ। ਗੁਰਭਜਨ ਗਿੱਲ


ਧਰਤੀ ਵਿਹੜੇ ਰੌਣਕ ਖੇਡੇ ਇਉਂ ਲੱਗੇ ਜਿਉਂ ਸੂਰਜ
ਹੱਸਿਆ। ਰੁੱਖ ਦੀ ਗੋਦੀ ਫੁੱਲ ਖਿੜੇ ਨੇ ਜੜ੍ਹ ਆਪਣਾ
ਸਿਰਨਾਵਾਂ ਦੱਸਿਆ। ਵੇਖਣ ਵਾਲਿਆ ਕੋਲ ਖਲੋ ਕੇ
ਆਖ ਮੁਬਾਰਕ ਏਸ ਘੜੀ ਨੂੰ, ਇਹ ਕੁਦਰਤ ਦੀ
ਪੂਰਨਮਾਸ਼ੀ ਬਾਕੀ ਵਕਤ ਸਦੀਵੀ ਮੱਸਿਆ।
ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ
ਸਕਦਾ ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ
ਮੁਸਕਾਨ ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ
ਪਲ ਜੀਣ ਸਿਖਾ ਸਕਦਾ ਹੈ। ਗੁਰਭਜਨ ਗਿੱਲ


ਇਹ ਵਰਕਾ ਤੂੰ ਕਿੱਥੋਂ ਪੜ੍ਹਿਆ ,ਹਰ ਵੇਲੇ ਹੀ ਝੁਰਦੇ
ਰਹਿਣਾ। ਸਾਬਣ ਦੀ ਚਾਕੀ ਦੇ ਵਾਂਗੂੰ, ਕਿਣ ਮਿਣ ਥੱਲੇ
ਖ਼ੁਰਦੇ ਰਹਿਣਾ। ਸਾਬਤ ਸਿਦਕ ਸਰੂਪ ਸੁਤੰਤਰ ਸਿਰੜ
ਸਮਰਪਣ ਸਾਂਭ ਲਵੇਂ ਜੇ, ਮੰਜ਼ਿਲ ਨੇੜੇ ਆ ਜਾ ਜਾਵੇਗੀ,
ਭੁੱਲੇਂ ਨਾ ਜੇ ਤੁਰਦੇ ਰਹਿਣਾ। ਗੁਰਭਜਨ ਗਿੱਲ


ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ। ਬੈਠੇ
ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ। ਕਿਹੜਾ
ਰੱਖਦੈ ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ, ਬਹੁਤੀ
ਵਾਰੀ ਸਮਝ ਪਵੇ ਨਾ ਸਾਨੂੰ ਸਰਲ ਸਵਾਲ।
ਗੁਰਭਜਨ ਗਿੱਲ


ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ਚੋਂ
ਅਣਲਿਖਿਆ ਪੜ੍ਹੀਏ। ਜਿਉਂ ਫ਼ੁੱਲਾਂ ਵਿੱਚ ਰੰਗ
ਖੁਸ਼ਬੋਈ, ਇੱਕ ਦੂਜੇ ਦੇ ਸਾਹੀਂ ਵੜੀਏ। ਏਸ ਕਲਾ ਦੇ
ਜਾਨਣਹਾਰੇ ਵਿਰਲੇ ਨੇਤਰ ਧਰਤੀ ਉੱਤੇ, ਦਿਲ ਮੁੰਦਰੀ
ਵਿੱਚ ਮੋਹ ਦੇ ਨਗ ਨੂੰ ਨਾਮ ਧਰੇ ਬਿਨ ਥਾਂ ਸਿਰ ਜੜੀਏ।
ਗੁਰਭਜਨ ਗਿੱਲ


ਬੱਚਿਆਂ ਦੇ ਮੱਥੇ ਦਾ ਸੂਰਜ ਚਾਨਣ ਸਦਾ ਬਿਖ਼ੇਰੇ। ਕੁੱਲ
ਦੁਨੀਆਂ ਦਾ ਨ੍ਹੇਰਾ ਬਿਣਸੇ, ਰੌਸ਼ਨ ਚਾਰ ਚੁਫ਼ੇਰੇ। ਆਸ
ਅਤੇ ਅਰਦਾਸ ਮੇਰੀ ਰੱਬ ਆਪ ਕਰੇਗਾ ਪੂਰੀ, ਪੈਰ
ਇਨ੍ਹਾਂ ਦੇ ਮੰਜ਼ਿਲ ਚੁੰਮਣ, ਹਰ ਪਲ ਕਦਮ ਅਗੇਰੇ।

ਗੁਰਭਜਨ ਗਿੱਲ



ਮਨ ਦੇ ਟਿੱਲੇ ਸੁਪਨੇ ਜੋਗੀ ਸ਼ਾਮੀਂ ਅਕਸਰ ਆ ਜਾਂਦੇ ਨੇ। ਬਿਰਧ ਬਿਰਖ ਦੀ ਸੁਣ ਜਾਂਦੇ ਤੇ ਆਪਣੀ ਬਾਤ ਸੁਣਾ ਜਾਂਦੇ ਨੇ। ਦਿਲ ਦਿਲਗੀਰ ਨੂੰ ਢਾਰਸ ਮਿਲਦੀ ਰੂਹ ਦੀਆਂ ਤਾਰਾਂ ਸੁਰ ਹੋ ਜਾਵਣ, ਤਾਰਿਆਂ ਵੇਲੇ ਚੰਨ ਤੇ ਤਾਰੇ ਮਿਲਣ ਗਿਲਣ ਜਦ ਆ ਜਾਂਦੇ ਨੇ।

ਗੁਰਭਜਨ ਗਿੱਲ


ਮੰਡੀ ਵਿੱਚੋਂ ਹਰ ਸ਼ੈ ਲੱਭਦੀ ਨਾ ਬਾਬਲ ਨਾ ਮਾਂ ਮਿਲਦੀ
ਹੈ। ਰਿਸ਼ਤਿਆਂ ਦੇ ਜੰਗਲ ਚੋਂ ਲੱਭੋ, ਕਿੱਥੇ ਐਸੀ ਛਾਂ
ਮਿਲਦੀ ਹੈ। ਮਾਪੇ ਜਾਣ ਤੋਂ ਬਾਅਦ ਏਸ ਦੀ ਕੀਮਤ ਦਾ
ਅਹਿਸਾਸ ਜਾਗਦਾ, ਤਖ਼ਤਪੋਸ਼ ਬੇ ਰੌਣਕ ਸੁੰਨੀ ਮੰਜੀ
ਵਾਲੀ ਥਾਂ ਦਿਸਦੀ ਹੈ। ਗੁਰਭਜਨ ਗਿੱਲ


ਰਾਜਗੁਰੂ, ਸੁਖਦੇਵ, ਭਗਤ ਸਿੰਘ ਤਿੰਨ ਫੁੱਲ ਸੁਰਖ਼
ਗੁਲਾਬ ਜਹੇ ਨੇ। ਇੱਕ ਮੌਸਮ ਵਿੱਚ ਉਗਮੇ, ਪੱਲ੍ਹਰੇ ਸਭ
ਅਣਖ਼ੀਲੇ ਖ਼ਵਾਬ ਜਹੇ ਨੇ। ਗੁਲਦਸਤੇ ਚੋਂ ਮਨਮਤੀਏ
ਕਿਓਂ ਆਪਣੇ ਰੰਗ ਨਿਖੇੜ ਰਹੇ ਜੀ, ਇਹ ਤਾਂ ਪੰਜ
ਦਰਿਆਈ ਸੁਪਨੇ, ਸਾਬਤ ਦੇਸ ਪੰਜਾਬ ਜਹੇ ਨੇ।
ਗੁਰਭਜਨ ਗਿੱਲ


ਅਸੀਂ ਤੇ ਯਾਰੋ ਓਸ ਗੁਰੂ ਦੇ ਜਨਮ ਜ਼ਾਤ ਹਾਂ ਚੇਲੇ। ਜਿਸ
ਨੇ ਦੱਸਿਆ ਧਨ ਤੇ ਦੌਲਤ ਸਿਰਫ਼ ਮਿੱਟੀ ਦੇ ਢੇਲੇ।
ਅਸਲੀ ਦੌਲਤ ਪਿਆਰ ਮੁਹੱਬਤ ਦਰਦ ਕਿਸੇ ਦਾ ਜਾਣੋ,
ਪੈਰੀਂ ਹੱਥ ਕਦੇ ਨਾ ਲਾਈਏ, ਦਿਲ ਮਿਲਿਆਂ ਦੇ ਮੇਲੇ।
ਗੁਰਭਜਨ ਗਿੱਲ


ਸੂਰਮਿਆਂ ਦੀ ਨਾ ਵੱਖ ਬਸਤੀ, ਨਾ ਹੀ ਵੱਖਰਾ
ਰਹਿਣਾ। ਨਬਜ਼ ਸਮੇਂ ਦੀ ਫੜ ਕੇ ਦੱਸਦੇ, ਹੁਣ ਹੈ ਵਕਤ
ਕੁਲਹਿਣਾ। ਸੀਸ ਤਲੀ ਤੇ ਧਰਨ ਸੂਰਮੇ ਸਾਨੂੰ ਵੀ
ਸਮਝਾਉਂਦੇ, ਫ਼ਰਜ਼ ਨਿਭਾਓ, ਗਰਜ਼ਾਂ ਲਈ ਨਾ ਬਾਰ
ਪਰਾਏ ਬਹਿਣਾ। ਗੁਰਭਜਨ ਗਿੱਲ


ਸੂਰਜ ਦੀ ਲਿਸ਼ਕੋਰ ਜਹੇ ਸੀ, ਨਹੀਂ ਭੁੱਲਦੇ ਉਹ ਸੱਜਣ
ਪਿਆਰੇ। ਇੱਕ ਪਲ ਦੇ ਝਲਕਾਰੇ ਬਦਲੇ, ਦੇ ਗਏ ਲੱਖਾਂ
ਦਰਦ ਉਧਾਰੇ। ਲੌਂਗ ਲਾਚੀਆਂ ਵਰਗੀ ਖ਼ੁਸ਼ਬੂ,ਜੋ ਦੇ
ਗਏ ਉਹ ਮਹਿਕ ਰਹੀ ਹੈ, ਰਾਤ ਪਈ ਤੇ ਸਗਲ
ਸਨੇਹੀ ,ਅੰਬਰ ਦੇ ਵਿੱਚ ਬਣ ਗਏ ਤਾਰੇ।
ਗੁਰਭਜਨ ਗਿੱਲ


ਇਨਸਾਨ ਜੇ ਜਿੱਤਣੈਂ ਜੰਗ, ਮਨ ਦੇ ਅੰਦਰ ਪਹਿਲਾਂ
ਪੱਕਾ ਨਿਸ਼ਚਾ ਧਾਰੋ। ਭਟਕਣ ਛੱਡਿਆਂ, ਮੰਜ਼ਿਲ
ਨੇੜੇ ,ਆ ਜਾਂਦੀ ਹੈ ਬਰਖੁਰਦਾਰੋ। ਤੇਰੇ ਮੇਰੇ ਸਭ ਦੇ
ਬਾਬਲ, ਬਿਨਾ ਕਿਤਾਬੋਂ ਇਹ ਕਹਿੰਦੇ ਸੀ, ਧਰਮਸਾਲ
ਵਿੱਚ ਮਗਰੋਂ, ਪਹਿਲਾਂ, ਮਨ ਮੰਦਰ ਵਿੱਚ ਝਾਤੀ ਮਾਰੋ।
ਗੁਰਭਜਨ ਗਿੱਲ


ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ
ਨਹੀਂ ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ
ਕਿੱਸਰਾਂ ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ
ਬਾਂਕਾ, ਕਿਉਂ ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ
ਬੁੱਸ ਜਾਂਦਾ ਹੈ, ਵਰਤਣ ਦੇ ਕਾਬਿਲ ਨਹੀਂ ਰਹਿੰਦਾ।
ਗੁਰਭਜਨ ਗਿੱਲ


@unique_w2
ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ
ਏਨੀ ਗੱਲ ਸਮਝੋ ਚੰਨੋ। ਗੁਰਭਜਨ ਗਿੱਲ


@unique_w2
ਧਰਤੀ ਉੱਪਰ ਸਭ ਤੋਂ ਮਹਿੰਗੀ ਬੱਚਿਆਂ ਦੀ
ਕਿਲਕਾਰੀ। ਮੁੱਲ ਤਾਰਿਆਂ ਮਿਲਦੀ ਨਹੀਂਓਂ, ਨਾ ਹੀ
ਮਿਲੇ ਉਧਾਰੀ। ਧਰਤੀ , ਧਰਮ, ਧਰੇਕਾਂ , ਧੀਆਂ,
ਅੰਬਰ ਥੱਲੇ ਥੰਮੀਆਂ, ਇਹ ਹੀ ਸਬਕ ਪੜ੍ਹਾਵੇ, ਪੜ੍ਹ
ਲਉ ਧੀ ਮੁਸਕਾਨ ਪਿਆਰੀ। ਗੁਰਭਜਨ ਗਿੱਲ


ਯਾਦ ਤੇਰੀ ਦੀ ਗੰਧ ਕਥੂਰੀ ਦਿਲ ਦੇ ਤਾਰ ਹਿਲਾ
ਜਾਂਦੀ ਹੈ। ਸ਼ਬਦਾਂ ਦੀ ਸਤਰੰਗੀ ਲੀਲ੍ਹਾ, ਬੁੱਤ ਨੂੰ ਬੋਲਣ
ਲਾ ਜਾਂਦੀ ਹੈ। ਸੱਚ ਪੁੱਛੇਂ ਤਾਂ ਰੂਹ ਨਸ਼ਿਆਵੇ,ਜਦ ਵੀ
ਉਹ ਪਲ ਚੇਤੇ ਆਵੇ, ਤੂੰ ਭਾਵੇਂ ਮੁੜ ਫੇਰ ਮਿਲੀ ਨਾ,
ਯਾਦ ਤੇਰੀ ਤਾਂ ਆ ਜਾਂਦੀ ਹੈ। ਗੁਰਭਜਨ ਗਿੱਲ


ਬੱਚਿਆਂ ਦੇ ਮਨ ਅੰਦਰ ਕੀ ਹੈ,ਅਨਪੜ੍ਹ ਮਾਂ ਵੀ ਪੜ੍ਹ
ਲੈਂਦੀ ਹੈ। ਅੱਖੀਆਂ ਵਾਲੀ ਖ਼ੁਰਦਬੀਨ ਸੰਗ ਰੂਹ ਦੀ
ਚੋਰੀ ਫੜ ਲੈਂਦੀ ਹੈ। ਬਾਬਲ ਝਿੜਕੇ ਤੜਫਣ ਲੱਗਦੀ,
ਕੰਬਦੀ ਧਰਤ ਭੂਚਾਲ ਦੇ ਵਾਂਗੂੰ, ਬੱਚਿਆਂ ਖ਼ਾਤਰ ,
ਸੁੱਚੜੀ ਰੂਹ ਵੀ ਸਗਲ ਬਹਾਨੇ ਘੜ ਲੈਂਦੀ ਹੈ।
ਗੁਰਭਜਨ ਗਿੱਲ


ਆਪਣੀ ਮੂਰਤ ਆਪੇ ਖਿੱਚ ਕੇ ਆਪੇ ਆਪਣਾ ਆਪ
ਨਿਹਾਰੋ। ਕਿੰਨੇ 'ਕੱਲ੍ਹੇ ਹੋ ਚੱਲੇ ਓ, ਸੈਲਫੀ ਲੈਂਦੇ
ਬਰਖੁਰਦਾਰੋ। ਇੱਕ ਦੂਜੇ ਦਾ ਬਣੋ ਸਹਾਰਾ,ਏਦਾਂ ਉੱਸਰੇ
ਭਾਈਚਾਰਾ, ਜੇ ਮਨ ਲੱਗੇ ਸੌਣ ਤੋਂ ਪਹਿਲਾਂ ਰਾਤੀਂ ਮੇਰਾ
ਫ਼ਿਕਰ ਵਿਚਾਰੋ। ਗੁਰਭਜਨ ਗਿੱਲ


ਪੱਤੀਆਂ ਸੁਰਖ਼ ਗੁਲਾਬ ਦੀਆਂ ਦੇ,ਕਿਓਂ ਲਾਏ ਨੇ ਹੋਠੀਂ
ਜੰਦਰੇ। ਮਰ ਨਾ ਜਾਣ ਮਾਸੂਮ ਪਰਿੰਦੇ ਰੀਝਾਂ, ਚਾਅ
ਸਾਹ ਘੁੱਟ ਕੇ ਅੰਦਰੇ। ਤੂੰ ਭੁੱਲੇਂ, ਸੌ ਵਾਰੀ ਭੁੱਲ ਜਾ, ਉਸ
ਮਹਿਕੰਦੜੀ ਮੁਲਾਕਾਤ ਨੂੰ, ਜਗਦੀ ਰੱਖਾਂ ਜੋਤ
ਵਾਂਗਰਾਂ,ਯਾਦ ਤੇਰੀ ਮੈਂ ਦਿਲ ਦੇ ਮੰਦਰੇ।
ਗੁਰਭਜਨ ਗਿੱਲ


ਉਮਰ ਗੁਜ਼ਾਰੀ ਆਪਣੀ ਸਾਰੀ ਦੋਚਿੱਤੀ ਨੂੰ
ਮਾਰਦਿਆਂ। ਅਗਨ ਸਫ਼ੇ ਦੇ ਸਾਗਰ ਉੱਤੇ ਕਾਗ਼ਜ਼ ਬੇੜੀ
ਤਾਰਦਿਆਂ। ਸਮਝ ਪਵੇ ਨਾ ਅੱਜ ਤੀਕਰ ਵੀ ਕੀ
ਖੱਟਿਆ ਕੀ ਵੱਟਿਆ ਏ, ਜੀਵਨ ਪੂੰਜੀ ਖ਼ਰਚ ਰਿਹਾ
ਹਾਂ, ਸੱਚ ਦੇ ਸਿਰ ਤੋਂ ਵਾਰਦਿਆਂ।
ਗੁਰਭਜਨ ਗਿੱਲ
392
Dislike


ਕਿੱਥੋਂ ਆਏ ਕਿੱਧਰ ਚੱਲੇ ਇਲਮ ਨਹੀਂ ਇਸ ਗੱਲ ਦਾ।
ਅੱਜ ਦਾ ਰੋਜ਼ ਖਿਸਕਿਆ ਹੱਥੋਂ, ਪਤਾ ਨਹੀਂ ਕੁਝ ਕੱਲ੍ਹ
ਦਾ। ਚਾਨਣੀਆਂ ਵਿੱਚ ਤੁਰਿਆਂ ਤੁਰਿਆ ਮਗਰ ਸਦਾ
ਪਰਛਾਵਾਂ, ਰਾਤ ਪਈ ਤੇ ਭਲਿਆ ਲੋਕਾ ਕੌਣ ਕਿਸੇ
ਸੰਗ ਚੱਲਦਾ। ਗੁਰਭਜਨ ਗਿੱਲ


ਜਾਨ ਤੋਂ ਪਿਆਰੇ ਜੇ ਨਾ ਮਾਨਣ ,ਖੁਸ਼ੀਆਂ ਜਾਣ
ਕਰੰਡੀਆਂ। ਮੋਹ ਦੇ ਪਾਣੀ ਬਾਝੋਂ ਤਰਸਣ, ਸੁਰਖ਼ ਫੁੱਲਾਂ
ਦੀਆਂ ਡੰਡੀਆਂ। ਪਰ ਜੇ ਸੱਤ ਬੇਗਾਨਾ ਕੋਈ, ਮੀਂਹ
ਮੁਸਕਾਨ ਤਰੌਂਕੇ , ਰੂਹ ਵਿੱਚ ਵਗਦਾ ਹੈ ਪੁਰਵੱਈਆ,
ਮਹਿਕਦੀਆਂ ਪਗਡੰਡੀਆਂ। ਗੁਰਭਜਨ ਗਿੱਲ


ਵਧੀਆ ਗੱਲ ਹੈ ਪੱਗ ਤਾਂ ਹੋਵੇ, ਪਰ ਉਸ ਥੱਲੇ ਸਿਰ
ਵੀ ਹੋਵੇ। ਦੀਨ ਦੂਨੀ ਦਾ ਰਾਖੀ ਕਰਦਾ,ਨਾਧਿਰਿਆਂ ਦੀ
ਧਿਰ ਵੀ ਹੋਵੇ। ਕਿੰਨਾ ਹੋਰ ਉਡੀਕੋਗੇ ਜੀ,ਪਟਨੇ ਤੋਂ
ਦਸਮੇਸ਼ ਪਿਤਾ ਨੂੰ, ਸਾਡੇ ਲਈ ਪਰਿਵਾਰ ਨੂੰ ਵਾਰੇ, ਉਹ
ਸਾਰਾ ਕੁਝ ਫਿਰ ਵੀ ਹੋਵੇ। ਗੁਰਭਜਨ ਗਿੱਲ


ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ
ਤੇਰੇ। ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ
ਵੱਸ ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ
ਫੁੱਲ ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ,
ਜਗਮਗ ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ


ਜੋਦੜੀਆਂ ਦੇ ਨਾਲ ,ਮੁਸੀਬਤ ,ਉੱਚੇ ਪਰਬਤ ਢਹਿੰਦੇ
ਨਹੀਂਓਂ। ਪਰ ਹਾਲਾਤ ਕਦੇ ਵੀ ਮਿੱਤਰਾ ਇੱਕੋ ਜਹੇ ਤਾਂ
ਰਹਿੰਦੇ ਨਹੀਂਓਂ। ਆਸ ਉਮੀਦਾਂ ਸਾਨੂੰ ਡੂੰਘੇ ਭਵਸਾਗਰ
ਤੋਂ ਪਾਰ ਉਤਾਰਨ, ਸੂਰਜ ਦੀ ਲਿਸ਼ਕੋਰ ਜੇ ਪੱਲੇ, ਗ਼ਮ ਦੇ
ਬੱਦਲ ਰਹਿੰਦੇ ਨਹੀਂਓਂ। ਗੁਰਭਜਨ ਗਿੱਲ


ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ
ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ
ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ
ਭਾਵੇਂ ,ਏਸ ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ
ਰੁਸ਼ਨਾਉਣ ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ।
ਗੁਰਭਜਨ ਗਿੱਲ



ਦਿਸਦਾ ਨਾ ਤੂੰ ਜਿਸ ਦਿਨ ਓਦਣ ਸੂਰਜ ਵੀ ਨਹੀਂ
ਚੜ੍ਹਦਾ। ਵਿੱਚ ਹਨ੍ਹੇਰੇ ਦੱਸ ਮੈਂ ਕਿੱਦਾਂ ਲਿਖੀ ਇਬਾਰਤ
ਪੜ੍ਹਦਾ। ਯਾਦਾਂ ਦੀ ਦੋਮੂੰਹੀਂ ਨਾਗਣ ਰਹਿ ਰਹਿ ਮੈਨੂੰ
ਡੰਗਦੀ ਉਡਣੇ ਪੰਛੀ ਰੂਹ ਦੇ ਅੰਬਰੋਂ, ਦੱਸ ਕਿਸ ਤਰ੍ਹਾਂ
ਫੜਦਾ।

ਗੁਰਭਜਨ ਗਿੱਲ


ਬਿਨ ਸੰਘਰਸ਼ ਕਦੇ ਵੀ ਬੰਦਾ, ਗੱਲਾਂ ਨਾਲ ਮਹਾਨ ਨਹੀਂ
ਬਣਦਾ। ਬਿਨਾ ਤਰਾਸ਼ੇ ਪੱਥਰ ਟੂਕੜਾ, ਮਿੱਟੀ ਹੈ,
ਭਗਵਾਨ ਨਹੀਂ ਬਣਦਾ। ਕਰਮੋਂ ਖੋਟੇ ਬੰਦਿਆਂ ਦੀ ਬੱਸ
ਜੀਭ ਬੋਲਦੀ ਰਹੇ ਨਿਰੰਤਰ, ਬਾਣ ਲੱਗੇ ਬਿਨ ਰੋਸ ਨਾ
ਜਾਗੇ, ਐਵੇਂ ਤਾਂ ਮੁੱਕਾ ਨਹੀਂ ਤਣਦਾ। ਗੁਰਭਜਨ ਗਿੱਲ


ਸੂਰਜ ਲਾੜਾ ਬਣ ਕੇ ਢੁੱਕਿਆ, ਧਰਤੀ ਬੰਦਨਬਾਰ
ਸਜਾਏ। ਰੋਜ਼ ਉਡੀਕੇ ਅਗਨ - ਲਗਨ ਨੂੰ, ਆਵੇ ਆ
ਕੇ 'ਨ੍ਹੇਰ ਮਿਟਾਏ। ਫੁੱਲਾਂ ਵਿੱਚ ਰੰਗ, ਰਸਵੰਤੇ ਫ਼ਲ ਇਹ
ਕਰ ਦੇਵੇ ਨੂਰ ਪਸਾਰਾ, ਰਾਤ ਗਈ, ਪ੍ਰਭਾਤੀ ਵੇਲੇ ਇਹ
ਹੀ ਆਣ ਹਲੂਣ ਜਗਾਏ। ਗੁਰਭਜਨ ਗਿੱਲ



ਸ਼ਬਦਾਂ ਦੀ ਸ਼ਤਰੰਜ ਖੇਡਦੇ, ਨਰਦਾਂ ਘੋੜੇ  ਭੱਜੇ ਫਿਰਦੇ।
ਵੇਖ ਰਿਹਾਂ ਮੈਂ ਨਾਟਕ ਚੇਟਕ, ਬਦਲੇ ਨਾ ਕਿਣਕਾ ਵੀ
ਹਿਰਦੇ।  ਗਲੀ ਗਲੀ ਵਣਜਾਰੇ ਫਿਰਦੇ, ਅਣਖ਼ਾਂ ਵੱਟੇ
ਕਣਕਾਂ ਲੈ ਲਉ, ਸ਼ਬਦਾਂ ਦੀ ਮੰਡੀ ਵਿੱਚ ਸੁਣਦੇ, ਲੱਗਣ
ਹੋਕੇ ਕਿੰਨੇ ਚਿਰ ਦੇ। ਗੁਰਭਜਨ ਗਿੱਲ


ਨੀਮ ਗੁਲਾਬੀ ਹੋਠਾਂ ਉੱਤੋਂ, ਚੁੱਪ ਦੇ ਜੰਦਰੇ ਖੋਲ੍ਹ ਦਿਆ
ਕਰ । ਦਿਲ ਦੀ ਧੜਕਣ ਜੋ ਕਹਿੰਦੀ ਏ, ਝਿਜਕ ਬਿਨਾ
ਤੂੰ ਬੋਲ ਦਿਆ ਕਰ । ਪਲਕਾਂ◌ੰ ਅੰਦਰ ਹੰਝੂ ਵੇਖੀਂ,
ਪੱਥਰ ਨਾ ਹੋ ਜਾਵਣ ਕਿਧਰੇ, ਬਰਸਣ ਗ਼ਮ ਦੇ ਬੱਦਲ
ਜਦ ਵੀ, ਅੱਖੀਆਂ ਥਾਣੀਂ ਡੋਲ੍ਹ ਦਿਆ ਕਰ।
ਗੁਰਭਜਨ ਗਿੱਲ



ਕਤਰਾ ਕਤਰਾ ਤੁਪਕਾ ਤੁਪਕਾ, ਦਿਲ ਜੇ ਦਰਦ ਸਮੁੰਦਰ
ਭਰਿਆ । ਅਗਨੀ ਦਾ ਇਹ ਸਾਗਰ ਦੱਸੋ, ਹਿੰਮਤ
ਬਾਝੋਂ ਕਿਸ ਨੇ ਤਰਿਆ । ਬੇਹਿੰਮਤੇ ਨੂੰ ਮਾਂ ਧਰਤੀ ਵੀ,
ਚੋਗ ਚੁਗਾਉਣੋਂ ਟਲ਼ ਜਾਂਦੀ ਹੈ, ਜਿਉਂ ਪਰ-ਹੀਣ
ਪਰਿੰਦਾ, ਕੋਈ ਬਿਨਾਂ ਉਡਾਰੀ ਫਿਰਦਾ ਮਰਿਆ।

ਗੁਰਭਜਨ ਗਿੱਲ


ਬਲਿਹਾਰੀ ਤਾਂ ਆਪੇ ਕੁਦਰਤ, ਤੂੰ ਲੱਭਦੈਂ ਸੰਗ ਮਰ ਮਰ
ਅੰਦਰ। ਪੜ੍ਹਿਆ ਕਰ ਤੂੰ ਸ਼ਬਦ ਗੁਰੂ ਨੂੰ, ਹਰਿ ਤਾਂ
ਵੱਸਦਾ ਹਰ ਹਰ ਅੰਦਰ। ਆਪਣੀ ਪੀੜ ਵਿਖਾ ਕੇ ਐਵੇਂ,
ਹਮਦਰਦੀ ਨਾ ਮੰਗੀਂ ਸੱਜਣਾ, ਮਲ੍ਹਮ ਵਿਰਲਿਆਂ ਪੱਲੇ
ਏਥੇ, ਲੂਣਦਾਨੀਆਂ ਘਰ ਘਰ ਅੰਦਰ।
ਗੁਰਭਜਨ ਗਿੱਲ



ਗ਼ੈਰ ਮੁਮਕਿਨ ਹੈ ਹਾਲਾਤ ਕੀ ਗੁੱਥੀ ਸੁਲਝੇ,
ਅਹਿਲੇ ਦਾਨਿਸ਼ ਨੇ ਬਹੁਤ ਸੋਚ ਕੇ ਉਲ਼ਝਾਇਆਂ ਹੈ।
ਕੁੰਵਰ ਨਾਰਾਇਣ



ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ ਕਹੀਏ। ਗੁਰਭਜਨ ਗਿੱਲ



ਇੱਕੋ ਜੜ੍ਹ ਤੇ ਤਣਾ ਹੈ ਇੱਕੋ, ਤੂੰ ਝੜਨਾ ਮੈਂ ਖਿੜਨਾ
ਵੀਰਾ। ਆਉਣਾ ਜਾਣਾ ਵਾਰੋ ਵਾਰੀ ਸਦੀਆਂ ਤੋਂ ਇਹ
ਜਗਤ ਰਵੀਰਾ। ਪਰ ਖ਼ੁਸ਼ਬੋਈ ਸਾਂਝੀ ਪੂੰਜੀ ਵੰਡਦੇ
ਵੰਡਦੇ ਨਿੰਮੀਏ ਜੰਮੀਏ, ਬੰਦਾ ਕਿਉਂ ਨਹੀਂ ਸਾਥੋਂ
ਸਿੱਖਦਾ,ਜਿਸ ਦਾ ਜਨਮ ਅਮੋਲਕ ਹੀਰਾ।

ਗੁਰਭਜਨ ਗਿੱਲ


Good Morning



ਮਾਰ ਉਡਾਰੀ ਚੱਲ ਹੁਣ ਚੱਲੀਏ, ਅੰਬਰ ਤੋਂ ਵੀ ਪਾਰ ਬਾਬਲਾ। ਧਰਤ ਕਲਾਵਾ ਭਰਿਆ ਮੈਂ ਤਾਂ, ਦੋ ਬਾਹਾਂ ਵਿਚਕਾਰ ਬਾਬਲਾ। ਮੇਰੇ ਮੱਥੇ ਸੂਰਜ ਧਰ ਦੇ, ਕਰ ਦੇ ਰੌਸ਼ਨ ਮੇਰੀਆਂ ਰਾਹਵਾਂ, ਸੋਚਾਂ ਵਿੱਚ ਗੁਲਤਾਨ ਕਿਉਂ ਹੈਂ, ਰੂਹ ਤੋਂ ਭਾਰ ਉਤਾਰ ਬਾਬਲਾ।

ਗੁਰਭਜਨ ਗਿੱਲ


ਕੁੱਲ ਸ੍ਰਿਸ਼ਟੀ ਉੱਤੇ ਜਦ ਸੀ ਅਰਬਦ ਨਰਬਦ
ਧੁੰਦੂਕਾਰਾ। ਚੜ੍ਹਿਆ ਸੋਧਣ ਧਰਤ ਲੋਕਾਈ, ਨਨਕਾਣੇ
ਤੋਂ ਨਾਨਕ ਪਿਆਰਾ। ਓਸ ਕਿਹਾ ਹੇ!ਭਟਕੇ ਰਾਹੀਓ,
ਭਟਕਣ ਛੱਡੋ ਸਮਝ ਲਵੋ ਇਹ, ਇੱਕੋ ਹੀ ਓਂਕਾਰ ਹੈ
ਜਿਸ ਦਾ ਗਤ ਮਿਤ ਹੀਣ ਅਨੰਤ ਪਸਾਰਾ।
ਗੁਰਭਜਨ ਗਿੱਲ


ਧਰਤੀ ਮੇਰੇ ਚਾਰ ਚੁਫ਼ੇਰੇ, ਰੂਹ ਦੇ ਅੰਦਰਵਾਰ ਸਮੁੰਦਰ ।
ਦਰਦਾਂ ਦੇ ਦਰਿਆ ਦਾ ਪਾਣੀ, ਕਰਦਾ ਮਾਰੋ ਮਾਰ
ਸਮੁੰਦਰ । ਅੱਖ ਦਾ ਪਾਣੀ, ਦਿਲ ਦੀ ਬਸਤੀ, ਜੀਭਾ
ਦਾ ਰਸ, ਪਿਆਰ ਮੁਹੱਬਤ, ਮੈਂ ਤਾਂ ਅੱਜ ਤੱਕ ਵੇਖੇ ਨੇ
ਬਈ, ਏਹੀ ਨੇ ਕੁੱਲ ਚਾਰ ਸਮੁੰਦਰ।
ਗੁਰਭਜਨ ਗਿੱਲ


ਮੈਂ ਉਹ ਬਿਰਖ਼ ਕਿਤੇ ਨਹੀਂ ਡਿੱਠਾ, ਜਿਸ ਦੀਆਂ ਹੋਣ ਨਾ
ਛਾਵਾਂ ਹੂ । ਮੋਹ ਮਮਤਾ ਦਾ ਉਸ ਘਰ ਮਰੂਆ, ਜਿਸ
ਘਰ ਦਾਦੀਆਂ ਮਾਵਾਂ ਹੂ । ਮਾਂ ਤੇ ਧੀ ਦੀ ਸਾਂਝੀ
ਬੁੱਕਲ, ਦਿਲ ਤੇ ਧੜਕਣ ਇੱਕੋ ਹੀ, ਮਨ ਅੰਦਰ ਦੀ
ਪੀੜ ਨਿਵਾਰਨ ਕਰਦੀਆਂ ਦੂਰ ਬਲਾਵਾਂ ਹੂ।
ਗੁਰਭਜਨ ਗਿੱਲ


ਅੱਜ ਹੀ ਸੁਣ ਲੈ, ਜੋ ਮੈਂ ਕਹਿਣਾ, ਕੱਲ੍ਹ ਦਾ ਕੋਈ
ਇਤਬਾਰ ਨਹੀਂ। ਦਿਲ ਦੀ ਦੌਲਤ ਮਹਿੰਗਾ ਸੌਦਾ,
ਵਿਕਦਾ ਕਿਸੇ ਬਾਜ਼ਾਰ ਨਹੀਂ। ਗੁਪਤ ਕੈਮਰਾ ਤੈਨੂੰ ਮੈਨੂੰ,
ਵੇਖ ਰਿਹੈ, ਪਰ ਭੁੱਲੀਂ ਨਾ ਤੂੰ, ਹਰਕਤ ਨੂੰ ਇਹ ਫੜ
ਸਕਦਾ ਹੈ, ਮਨ ਵਿਚਲਾ ਸੰਸਾਰ ਨਹੀਂ।
ਗੁਰਭਜਨ ਗਿੱਲ



ਸ਼ਬਦ ਹਮੇਸ਼ਾਂ ਚੁੱਪ ਰਹਿੰਦੇ ਨੇ, ਜਿਸ ਵੇਲੇ ਕਿਰਦਾਰ ਬੋਲਦਾ । ਵਕਤ ਹੁੰਗਾਰਾ ਭਰਦਾ ਆਪੇ, ਸੁਣ ਕੇ ਮਹਿਰਮ ਯਾਰ ਬੋਲਦਾ । ਧਰਤ, ਆਕਾਸ਼, ਪਾਤਾਲ ਤੇ ਚੌਥਾ ਕੁੱਲ ਸ੍ਰਿਸ਼ਟੀ ਰੌਣਕ-ਮੇਲਾ, ਸਗਲ ਬਨਸਪਤਿ ਗਾਉਂਦੀ ਜਾਪੇ, ਜਦ ਤੂੰ ਅੰਦਰਵਾਰ ਬੋਲਦਾ।

ਗੁਰਭਜਨ ਗਿੱਲ



ਗ਼ਜ਼ਲ ਤੇਰੀ ਦਾ ਇੱਕ ਇੱਕ ਮਿਸਰਾ ਲੁੱਟੇ ਚੈਨ ਕਰਾਰ।
ਫੁੱਲਾਂ ਦੀ ਖ਼ੁਸ਼ਬੂ ਇੰਨ੍ਹਾਂ ਵਿੱਚ ਕਲੀਆਂ ਦੀ ਮਹਿਕਾਰ।

ਗ਼ਜ਼ਲ ਤੇਰੀ ਨੂੰ ਪੜ੍ਹ ਕੇ ਹੈਰਤ, ਹੈਰਤ ਦੇ ਵਿੱਚ ਡੁੱਬੇ,
ਤੇਰਾ ਹਰ ਇਕ ਸ਼ਿਅਰ ਏ ਹੁੰਦਾ ਅਣਮੁੱਲਾ ਸ਼ਾਹਕਾਰ।

ਨਜ਼ਮ ਤੇਰੀ ਦੇ ਸੀਨੇ ਉੱਤੇ ਪੀੜਾਂ ਉੱਗੀਆਂ ਜਾਪਣ,
ਖ਼ੌਰੇ ਕਿਹੜਾ ਦਰਦ ਲੁਕਾ ਕੇ ਬਣਿਆ ਏਂ ਫ਼ਨਕਾਰ।

ਤੇਰੇ ਮਿੱਤਰ ਤੇਰੇ ਬਾਰੇ ਏਹੋ ਗੱਲ ਨੇ ਕਹਿੰਦੇ,
ਮਾਂ ਬੋਲੀ ਨੂੰ ਤੇਰੇ ਵਰਗੇ ਪੁੱਤਰ ਨੇ ਦਰਕਾਰ।

ਹਰਫ਼ਾਂ ਰਾਹੀਂ ਨਿੱਤ ਦੁਆ "ਗੁਰਭਜਨ ਗਿੱਲ" ਹੋਰਾਂ ਨੂੰ,
ਬੁਸ਼ਰਾ ਉਹਦੇ ਲੇਖ ਨੇਂ ਸੋਹਣੇ, ਸੋਹਣਾ ਏ ਕਿਰਦਾਰ।

ਬੁਸ਼ਰਾ ਨਾਜ਼

ਫੈਸਲਾਬਾਦ (ਪਾਕਿਸਤਾਨ)


ਰੰਗ ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰੰਗ
ਭਰਦੇ ਨੇ। ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ ਗਗਨ ਉਡਾਰੀ
ਕਦ ਭਰਦੇ ਨੇ। ਪਰ ਸਾਡੀ ਤਾਂ ਧਰਤ ਬਗਾਨੀ ਤੇ
ਕਲਰਾਠੀ ਬੀਜ ਨਾ ਪੁੰਗਰੇ, ਰੋਟੀ ਦੀ ਜੰਗ ਲੜਦਿਆਂ
ਏਥੇ ਸੁਪਨ ਕਰੋੜਾਂ ਨਿੱਤ ਮਰਦੇ ਨੇ। ਗੁਰਭਜਨ ਗਿੱਲ



ਹੇ ਜ਼ਿੰਦਗੀ! ਤੈਨੂੰ ਹਜ਼ਾਰਾਂ ਸਲਾਮ! ਸਵੇਰ ਸਾਰ ਕਿੰਨੀ ਊਰਜਾ ਝੋਲੀ ਚ ਪਾ ਕੇ ਆਖਦੀ ਹੈਂ, ਉੱਠ! ਕਿੰਨੇ ਸ਼ੁਭ ਕਾਰਜ ਤੈਨੂੰ ਉਡੀਕਦੇ ਨੇ। ਕੁਝ ਸਮਾਂ ਪਹਿਲਾਂ ਤੂੰ ਹੀ ਤਾਂ ਮੈਥੋਂ ਲਿਖਵਾਇਆ ਸੀ। ਕਿੰਨਾ ਚਾਨਣ, ਅਗਨੀ, ਤਾਕਤ, ਐਨੇ ਸੂਰਜ ਤੇਰੇ ਅੰਦਰ, ਆਪਣੇ ਅੰਦਰ ਕੀ ਕੁਝ ਰੱਖਿਆ, ਤੂੰ ਬਿਜਲੀ ਦੀ ਤਾਰ ਵਾਂਗਰਾਂ।

ਗੁਰਭਜਨ ਗਿੱਲ



ਹੇ ਜ਼ਿੰਦਗੀ! ਤੈਨੂੰ ਸਲਾਮ! ਹਰ ਸਵੇਰ ਕਿੰਨੀ ਊਰਜਾ ਸਾਡੀ ਸਭ ਦੀ ਝੋਲੀ ਚ ਪਾ ਕੇ ਆਖਦੀ ਹੈਂ, ਉੱਠੋ! ਕਿੰਨੇ ਸ਼ੁਭ ਕਾਰਜ ਤੁਹਾਨੂੰ ਉਡੀਕਦੇ ਨੇ। ਕੁਝ ਸਮਾਂ ਪਹਿਲਾਂ ਤੂੰ ਹੀ ਤਾਂ ਮੈਥੋਂ ਲਿਖਵਾਇਆ ਸੀ। ਕਿੰਨਾ ਚਾਨਣ, ਅਗਨੀ, ਤਾਕਤ, ਐਨੇ ਸੂਰਜ ਤੇਰੇ ਅੰਦਰ, ਆਪਣੇ ਅੰਦਰ ਕੀ ਕੁਝ ਰੱਖਿਆ, ਤੂੰ ਬਿਜਲੀ ਦੀ ਤਾਰ ਵਾਂਗਰਾਂ।

ਗੁਰਭਜਨ ਗਿੱਲ


ਮੰਨਿਆ ਤੂੰ ਵੀ ਜ਼ੋਰਾਵਰ ਹੈਂ, ਏਨੀ ਗੂੜ੍ਹੀ ਚੁੱਪ ਨਾ
ਚੰਗੀ। ਨਾ ਹੂੰਗਰ ਨਾ ਕੋਈ ਹੁੰਗਾਰਾ, ਜਾਨ ਮੇਰੀ ਕਿਉਂ
ਸੂਲੀ ਟੰਗੀ। ਇੱਕ ਸੂਰਜ ਇੱਕ ਧਰਤੀ ਤੋਂ ਵੱਧ,ਜੇ ਦੇਵੈਂ
ਤਾਂ ਇਹ ਕੁਝ ਦੇ ਦੇ, ਰਸ ਰੰਗ ਤੇ ਖ਼ੁਸ਼ਬੋ
ਅਣਮਿਣਵੀਂ,ਜੋ ਅੱਜ ਤੀਕ ਨਾ ਤੈਥੋਂ ਮੰਗੀ।
ਗੁਰਭਜਨ ਗਿੱਲ



ਉਹ ਤਾਂ ਸਮਝ ਰਹੇ ਸੀ ਜੰਗਲ ਅਗਨ ਹਵਾਲੇ ਕਰਕੇ।
ਪੱਤੀ ਪੱਤੀ ਰਾਖ਼ ਬਣੀ ਹੈ, ਕਿੰਜ ਉੱਠੇਗੀ ਮਰ ਕੇ।
ਪਰ ਜ਼ਰਖ਼ੇਜ਼ ਜ਼ਮੀਨ, ਜ਼ਮੀਰਾਂ ਮਰਨ ਕਦੇ ਨਾ ਸ਼ਾਹੋ,
ਅਸੀਂ ਜਿਉਂਦੇ ਅਸੀਂ ਜਾਗਦੇ, ਸਦਾ ਹੋਣੀਆਂ ਵਰ ਕੇ।
ਗੁਰਭਜਨ ਗਿੱਲ


ਸਾਗਰ ਕੰਢੇ ਲਹਿਰਾਂ ਗਿਣਦੇ,ਦਿਨ ਢਲਿਆ ਤੇ ਬਹਿ
ਗਈ ਸ਼ਾਮ। ਸੂਰ ਲਹਿਰਾਂ ਨੇ ਸਰਗਮ ਛੇੜੀ, ਹੋਰ ਦੂਨੀ
ਵਿੱਚ ਵਹਿ ਗਈ ਸ਼ਾਮ। ਕਦੇ ਕਦੇ ਇੰਜ ਬਹਿ ਜਾਇਆ
ਕਰ,ਵਕਤ ਸਵਾਰੀ ਕਰਦੇ ਹੋਏ, ਆਪਣੇ ਆਪ ਨੂੰ
ਮਿਲਿਆ ਕਰ ਤੂੰ, ਜਾਂਦੀ ਜਾਂਦੀ ਕਹਿ ਗਈ ਸ਼ਾਮ।
ਗੁਰਭਜਨ ਗਿੱਲ


ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ
ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ,
ਸਹਿਜ ਸਵਾਸੀਂ ਮੜ੍ਹਿਆ ਕਰ ਤੂੰ।

ਗੁਰਭਜਨ ਗਿੱਲ


ਜਾਣ ਵਾਲਿਆ! ਤੁਰ ਤਾਂ ਚੱਲਿਐਂ, ਇਹ ਨਾ ਕਹਿਰ
ਗੁਜ਼ਾਰ ਵੇ ਬੀਬਾ। ਕੱਲ੍ਹਿਆਂ ਤੋਂ ਨਹੀਂ ਚੁੱਕਿਆ ਜਾਣਾ,
ਇੱਕ ਅੱਥਰੂ ਦਾ ਭਾਰ ਵੇ ਬੀਬਾ। ਤੂੰ ਮੋਹ ਤੋੜ ਕੇ ਜਿੱਧਰ
ਚੱਲਿਐਂ, ਇਹ ਗੱਲ ਮੇਰੀ ਚੇਤੇ ਰੱਖੀਂ, ਫ਼ਰਜ਼ਾਂ ਦੀ ਥਾਂ
ਗ਼ਰਜ਼ਾਂ ਵਾਲਾ, ਵਿਸ਼ਗੰਦਲਾ ਸੰਸਾਰ ਵੇ ਬੀਬਾ।
ਗੁਰਭਜਨ ਗਿੱਲ



ਕੀ ਦੱਸਾਂ ਜੀ ਸਮਝ ਪਵੇ ਨਾ, ਅੱਜ ਤੜਕੇ ਦੀ ਅੱਖ
ਪਈ ਫਰਕੇ। ਜਾਂ ਤਾਂ ਖੜ੍ਹੀ ਮੁਸੀਬਤ ਸਿਰ ਤੇ, ਜਾਂ ਫਿਰ
ਯਾਦ ਤੇਰੀ ਦੇ ਕਰਕੇ। ਦਰਦ ਕਥਾਵਾਂ ਉਮਰੋਂ ਲੰਮੀਆਂ,
ਸਾਂਭ ਜ਼ਬਾਨੀ ਰੱਖ ਨਹੀਂ ਸਕਣਾ, ਲਿਖ ਛੱਡਿਆ ਕਰ
ਏਥੇ ਆ ਕੇ, ਦਿਲ ਮੇਰੇ ਦੇ ਕੋਰੇ ਵਰਕੇ। ਗੁਰਭਜਨ ਗਿੱਲ


ਤੂੰ ਮੈਂ ਜੋ ਅੱਜ ਤੀਕ ਨਾ ਕੀਤਾ, ਚੱਲ ਦੋਵੇਂ ਰਲ਼ ਉਹ ਕੰਮ
ਕਰੀਏ। ਰੂਹ ਦੇ ਅੰਦਰੋਂ ਸਭ ਰੰਗ ਲੈ ਕੇ, ਸਾਹਾਂ ਦੀ
ਪਿਚਕਾਰੀ ਭਰੀਏ। ਮੈਂ ਬਣ ਜਾਨਾਂ ਕ੍ਰਿਸ਼ਨ ਘਨੱਈਆ
ਤੇ ਤੂੰ ਬਣ ਜਾ ਲੋਕ ਰਾਧਿਕਾ, ਹਰ ਪਲ ਹਰ ਸਾਹ ਕਣ
ਕਣ ਹੋਲੀ, ਰੰਗਾਂ ਦੇ ਸਾਗਰ ਵਿੱਚ ਤਰੀਏ।
ਗੁਰਭਜਨ ਗਿੱਲ


ਅੰਬਰੋਂ ਕਿਰਿਆ ਇੱਕ ਅੱਧ ਅੱਥਰੂ, ਸਿੱਪੀ ਵਿੱਚ ਜੇ
ਪਲ਼ ਜਾਵੇਗਾ । ਵੇਖ ਲਇਓ ਜੀ, ਹੌਲੀ ਹੌਲੀ, ਮੋਤੀ ਦੇ
ਵਿੱਚ ਢਲ਼ ਜਾਵੇਗਾ । ਸਿਖ਼ਰ ਦੁਪਹਿਰੇ ਰਾਤ ਦਾ
ਪਹਿਰਾ, ਕੁਦਰਤ ਦਾ ਵਰਤਾਰਾ ਨਹੀਂਉਂ, ਏਸ ਤਰ੍ਹਾਂ ਹੀ
ਨਜ਼ਰਾਂ ਅੱਗੇ, ਵੈਰੀ ਕਾਲਖ਼ ਮਲ਼ ਜਾਵੇਗਾ।
ਗੁਰਭਜਨ ਗਿੱਲ



ਮੰਜ਼ਿਲ ਨੇੜੇ ਹੋ ਜਾਵੇ ਜਦ ਜਗਣ ਚਿਰਾਗ ਬਨੇਰੇ ਤੇ।
ਤੁਰਨਾ ਹੈ ਜਾਂ ਬਹਿ ਕੇ ਝੁਰਨਾ ਬਾਕੀ ਨਿਰਭਰ ਤੇਰੇ ਤੇ।
ਸੂਰਜ ਹੁੰਦਿਆਂ ਸੁੰਦਿਆਂ ਸੁੱਤੇ ਰਹਿਣ ਵਾਲਿਓ ਜਾਗ
ਪਵੋ, ਪਿੱਛੇ ਰਹਿ ਗਏ ਦੋਸ਼ ਧਰੋਗੇ, ਮਗਰੋਂ ਸਿਰਫ਼
ਹਨ੍ਹੇਰੇ ਤੇ। ਗੁਰਭਜਨ ਗਿੱਲ


ਪਤਾ ਨਹੀਂ, ਜ਼ਿੰਦਗੀ, ਤੂੰ ਕੀ ਪੜ੍ਹਾਇਆ, ਹਾਦਸੇ
ਵਰਗਾ। ਕਿ ਉਸ ਤੋਂ ਬਾਦ ਕੁਝ ਵੀ ਰਹਿ ਗਿਆ ਨਾ,
ਜ਼ਿੰਦਗੀ ਵਰਗਾ। ਮੈਂ ਅਕਸਰ ਸੋਚਦਾ ਹਾਂ, ਕਦ
ਮਿਲੇਗਾ ਇਸ਼ਟ ਇਨ੍ਹਾਂ ਨੂੰ, ਜਿਨ੍ਹਾਂ ਨੂੰ ਰਾਤ ਦਿਨ ਹੀ
ਭਰਮ ਰਹਿੰਦਾ ਬੰਦਗੀ ਵਰਗਾ।
ਗੁਰਭਜਨ ਗਿੱਲ


ਅਜਬ ਸਰੂਰ ਜਿਹਾ ਇੱਕ ਮਿਲਦੈ, ਸ਼ਹਿਰ ਤੇਰੇ 'ਚੋਂ
ਲੰਘਦਿਆਂ ਵੀ। ਰਹਿ ਨਹੀਂ ਹੋਇਆ, ਕਹਿ ਦਿੱਤਾ ਹੈ,
ਤੈਨੂੰ ਇਹ ਮੈਂ ਸੰਗਦਿਆਂ ਵੀ। ਨੀਮ ਜ਼ਹਿਰ ਵਿੱਚ ਘੂਕ
ਪਿਆ ਹਾਂ, ਕੈਸਾ ਡੰਗ ਚਲਾਇਆ ਹੈ ਤੂੰ, ਸ਼ੁਕਰ ਤੇਰਾ
ਤੂੰ ਚੇਤੇ ਰੱਖੀ, ਰਿਸ਼ਤੇਦਾਰੀ ਡੰਗਦਿਆਂ ਵੀ।
ਗੁਰਭਜਨ ਗਿੱਲ




ਕੀ ਦੱਸਾਂ ਕੀ ਦੱਸਾਂ ਯਾਰਾ, ਰਾਵੀ ਮੈਨੂੰ ਦੇਸ ਵਾਂਗ ਹੈ।
ਜਿੱਥੇ ਆਹ ਮੈਂ ਰਹਿੰਦਾ ਮਰਦਾਂ, ਇਹ ਤਾਂ ਸਭ ਪਰਦੇਸ
ਵਾਂਗ ਹੈ। ਬੇਦਖ਼ਲਾਂ ਵਿੱਚ ਮੇਰਾ ਨਾਵਾਂ, ਲਿਖਣਾ ਚਾਹੋ
ਲਿਖ ਸਕਦੇ ਹੋ, ਇਹ ਧਰਤੀ ਤਾਂ ਸਾਡੀ ਖ਼ਾਤਰ,
ਬਿਲਕੁਲ ਪਾਟੇ ਖੇਸ ਵਾਂਗ ਹੈ। ਗੁਰਭਜਨ ਗਿੱਲ


ਤਨ ਕੱਜਣ ਲਈ ਵਸਤਰ ਚੁਣੀਏ, ਉੱਠਦਿਆਂ ਹੀ ਰੋਜ਼
ਸਵੇਰੇ। ਸ਼ਬਦ ਵਿਚਾਰ ਕਿਉਂ ਨਾ ਧਰੀਏ, ਮਨ ਮੰਦਰ ਦੇ
ਸਿਖ਼ਰ ਬਨੇਰੇ। ਸ਼ੁਭ ਕਰਮਨ ਦੀ ਬਾਤ ਕਰਦਿਆਂ, ਘਸ
ਚੱਲੀ ਹੈ ਜੀਭ ਨਿਮਾਣੀ, ਅਮਲਾਂ ਦੇ ਬਿਨ ਵਧ ਚੱਲੇ ਨੇ,
ਜ਼ਿੰਦਗੀ ਦੇ ਵਿੱਚ ਗੂੜ੍ਹ ਹਨੇਰੇ। ਗੁਰਭਜਨ ਗਿੱਲ



ਖ਼ੂਨ ਜਿਗਰ ਦਾ ਪਾਉਣਾ ਪੈਂਦਾ, ਸ਼ਬਦ ਸਦਾ ਕੁਰਬਾਨੀ
ਮੰਗਦੇ। ਜੇ ਬੋਲੋ ਤਾਂ ਜਾਨ ਨੂੰ ਖ਼ਤਰਾ, ਨਾ ਬੋਲੋ ਤਾਂ ਸੂਲੀ
ਟੰਗਦੇ। ਹਰ ਪਲ ਜੀਕੂੰ ਇਮਤਿਹਾਨ ਹੈ, ਰਹਿਣਾ ਪੈਂਦੈ
ਲੱਤ ਇੱਕੋ ਤੇ, ਚੌਕੀਦਾਰ ਤੋਂ ਸਖ਼ਤ ਨੌਕਰੀ, ਫ਼ਿਕਰ
ਚੁਫ਼ੇਰਿਓਂ ਰਹਿੰਦੇ ਡੰਗਦੇ। ਗੁਰਭਜਨ ਗਿੱਲ


ਧਰਤਿ ਵੰਗਾਰੇ ਤਖ਼ਤ ਨੂੰ
ਸਾਡੀ ਵੀ ਇਹ ਮਾਂ ਧਰਤੀ ਹੈ, ਤੈਥੋਂ ਡਰ ਕੇ ਜੈ ਕਿਉਂ
ਕਹੀਏ? ਚਾਰੇ ਚੱਕ ਜਾਗੀਰ ਅਸਾਡੀ, ਜਿੱਥੇ ਜਿੱਦਾਂ
ਮਰਜ਼ੀ ਰਹੀਏ। ਸੀਸ ਤਲੀ ਤੇ ਆਪਾਂ ਧਰੀਏ, ਦੇਸ਼
ਆਜ਼ਾਦ ਕਰਾਵਣ ਵੇਲੇ, ਹੁਣ ਤੂੰ ਭਾਗ ਵਿਧਾਤਾ ਬਣਦੈਂ,
ਦੱਸਦੈਂ ਕਿੱਥੇ ਉੱਠੀਏ ਬਹੀਏ। ਗੁਰਭਜਨ ਗਿੱਲ


ਕੀ ਦੱਸਾਂ ਜੀ ਸਮਝ ਪਵੇ ਨਾ, ਅੱਜ ਤੜਕੇ ਦੀ ਅੱਖ
ਪਈ ਫਰਕੇ। ਜਾਂ ਤਾਂ ਖੜ੍ਹੀ ਮੁਸੀਬਤ ਸਿਰ ਤੇ, ਜਾਂ ਫਿਰ
ਯਾਦ ਤੇਰੀ ਦੇ ਕਰਕੇ। ਦਰਦ ਕਥਾਵਾਂ ਉਮਰੋਂ ਲੰਮੀਆਂ,
ਸਾਂਭ ਜ਼ਬਾਨੀ ਰੱਖ ਨਹੀਂ ਸਕਣਾ, ਲਿਖ ਛੱਡਿਆ ਕਰ
ਏਥੇ ਆ ਕੇ, ਦਿਲ ਮੇਰੇ ਦੇ ਕੋਰੇ ਵਰਕੇ।
ਗੁਰਭਜਨ ਗਿੱਲ


ਨਜ਼ਰ ਭਰ ਤੂੰ ਵੇਖਿਆ, ਮੁੜ ਦਿਲ ਦੀਵਾਨਾ ਹੋ ਗਿਆ।
ਵਿੱਛੜਿਆਂ ਤੇਰੇ ਤੋਂ ਭਾਵੇਂ, ਇੱਕ ਜ਼ਮਾਨਾ ਹੋ ਗਿਆ।
ਵੇਖ ਲੈ ਬਿਨ ਬੋਲਿਆਂ ਤੋਂ, ਇਹ ਮੁਹੱਬਤ ਦਾ ਕਮਾਲ,
ਫ਼ਰਸ਼ ਬਣ ਗਈ ਧਰਤ, ਅੰਬਰ ਸ਼ਾਮਿਆਨਾ ਹੋ
ਗਿਆ। ਗੁਰਭਜਨ ਗਿੱਲ


ਕਿੱਧਰ ਤੁਰਿਉਂ, ਕਿੱਥੇ ਪਹੁੰਚੋਂ, ਧਰਤੀ ਧਰਮ ਨਿਭੌਣ
ਵਾਲਿਆ। ਭਟਕਣ ਚਾਰ ਚੁਫ਼ੇਰਿਉਂ ਘੇਰੇ, ਸਾਬਤ
ਸਿਦਕ ਪੜੌਣ ਵਾਲਿਆ। ਦਿਨ ਤੇ ਰਾਤ ਹਨ੍ਹੇਰਾ ਗੂੜ੍ਹਾ,
ਗ਼ਰਜ਼ਾਂ ਅੱਗੇ ਫ਼ਰਜ਼ ਗਵਾਚੇ, ਪੁੱਤਰ ਧੀਆਂ ਸਬਕ
ਭੁਲਾਇਆ, ਸਾਡੇ ਰਾਹ ਰੁਸ਼ਨੌਣ ਵਾਲਿਆ।
ਗੁਰਭਜਨ ਗਿੱਲ


ਉਮਰ ਗਵਾਚ ਰਹੀ ਕਿਉਂ ਸਾਡੀ, ਸਾੜਾ ਕੀਨਾ ਸੂਲੀ
ਟੰਗਦੇ। ਸ਼ੁਭ ਕਰਮਨ ਦੀ ਦਾਤ ਬਖ਼ਸ਼ ਦੇ, ਦਰਦ
ਮਜੀਠੀ ਦੇ ਵਿੱਚ ਰੰਗ ਦੇ। ਇੱਕ ਦੂਜੇ ਨੂੰ ਦਿਲ ਦੀ
ਕਹਿਣਾ, ਜ਼ਿੰਦਗੀ ਵਿੱਚੋਂ ਖ਼ਾਰਜ ਹੋਇਆ, ਆਪਣਾ
ਆਪ ਗੁਆਚ ਰਿਹਾ ਹੈ, ਆਪਣਿਆਂ ਤੋਂ ਸੰਗਦੇ
ਸੰਗਦੇ। ਗੁਰਭਜਨ ਗਿੱਲ


ਸੁਰਖ਼ ਗੁਲਾਬਾਂ ਦੇ ਬਾਗ਼ਾਂ ਵਿੱਚ, ਐਸੀ ਰੁੱਤ ਵੀ ਆ
ਜਾਂਦੀ ਹੈ। ਗੁਰਬਤ ਜੀਕੂੰ ਖੜ੍ਹੇ ਖਲੋਤੇ, ਸਾਬਤ ਬੰਦੇ ਖਾ
ਜਾਂਦੀ ਹੈ। ਤਨ ਦੀ ਮਿੱਟੀ ਪਾਲਣ ਖ਼ਾਤਰ, ਮਨ ਦੇ
ਮੌਸਮ ਗਿਰਵੀ ਕਰਨੇ, ਵੇਖ ਲਵੋ ਇੱਕ ਬੁਰਕੀ ਸਾਨੂੰ,
ਕਿੰਨੇ ਸਬਕ ਸਿਖਾ ਜਾਂਦੀ ਹੈ। ਗੁਰਭਜਨ ਗਿੱਲ


ਮਾਂ ਦੇ ਪੈਰਾਂ ਥੱਲੇ ਜੰਨਤ, ਸੁਣੀ ਨਹੀਂ ਮੈਂ, ਜਾਣ ਲਈ ਹੈ।
ਅਸਲ ਹਕੀਕਤ ਦੁਨੀਆਂ ਫਿਰ ਕੇ, ਆਖ਼ਰ ਨੂੰ
ਪਹਿਚਾਨ ਲਈ ਹੈ। ਸ਼ਬਦ ਸਿਰਜਣਾ ਸੁਰ ਦੀ ਕੀਮਤ,
ਲੋਰੀ ਅੱਗੇ ਕੁਝ ਵੀ ਨਹੀਉਂ, ਮਾਂ ਦੀ ਗੋਦੀ ਅੰਦਰ ਬਹਿ
ਕੇ, ਮੈਂ ਇਹ ਖ਼ੁਸ਼ਬੂ ਮਾਣ ਲਈ ਹੈ। ਗੁਰਭਜਨ ਗਿੱਲ




ਜ਼ਿੰਦਗੀ! ਕਿੰਨੇ ਕੁ ਰਹਿੰਦੇ ਹੋਰ ਹਾਲੇ ਇਮਤਿਹਾਨ। ਤੰਦ
ਢਿੱਲੀ ਕਰ ਦਿਆ ਕਰ, ਟੁੱਟ ਨਾ ਜਾਵੇ ਕਮਾਨ। ਸੁਪਨ
ਨਗਰੀ ਵਿੱਚ ਰਹਿ ਕੇ, ਇਹ ਤੇ ਹੁਣ ਮੈਂ ਜਾਣਦਾਂ, ਬਹੁਤ
ਔਖੇ ਸਾਂਭਣੇ ਹਨ, ਖ਼੍ਵਾਬ ਨੇ ਕੱਚ ਦਾ ਸਮਾਨ।

ਗੁਰਭਜਨ ਗਿੱਲ


ਕਿੱਧਰ ਤੁਰ ਗਏ ਯਾਰ ਪੁਰਾਣੇ ਲੱਭਦੇ ਨਹੀਂ। ਨਾ
ਸਾਲਮ ਨਾ ਅੱਧੋਰਾਣੇ ਲੱਭਦੇ ਨਹੀਂ। ਨਾ ਧੁੱਪਾਂ ਨਾ ਛਾਵਾਂ
ਕਿਧਰੇ ਲੱਭਦੀਆਂ ਨੇ, ਸੱਜਣ ਬੇਲੀ ਦਰਦ ਰੰੜਾਣੇ
ਲੱਭਦੇ ਨਹੀਂ। ਗੁਰਭਜਨ ਗਿੱਲ



ਬੇੜੀ ਅੰਦਰ ਚੋਰ ਮਘੋਰੇ, ਨਾ ਚੱਪੂ ਨਾ ਦਿਸੇ
ਖਵੱਈਆ। ਚੜ੍ਹਿਆ ਦਰਿਆ ਸ਼ੂਕ ਰਿਹਾ ਹੈ, ਸਣੇ
ਮੱਲਾਹ ਦੇ ਡੋਲੇ ਨੱਈਆ। ਸੂਫ਼ੀ ਵੀ ਹੁਣ ਬੈਠ ਗਏ ਨੇ,
ਝਾਂਜਰ ਪਾ ਕੇ ਸ਼ਹਿਰ ਬਾਜ਼ਾਰੀਂ, ਟਿਕਟਾਂ ਲਾ ਕੇ ਵੇਚ
ਰਹੇ ਨੇ, ਬੁੱਲ੍ਹੇ ਸ਼ਾਹ ਦਾ ਥੱਈਆ ਥੱਈਆ।
ਗੁਰਭਜਨ ਗਿੱਲ



ਅੱਜ ਰਾਤੀਂ ਮੈਂ ਸੁਪਨੇ ਅੰਦਰ ਹੱਸਦਾ ਹੱਸਦਾ ਰੱਜ ਕੇ
ਰੋਇਆ। ਦਿਨ ਚੜ੍ਹਿਆ ਤੇ ਬੜਾ ਸੋਚਿਆ, ਸੁੱਤੇ ਸੁੱਤੇ
ਇਹ ਕੀ ਹੋਇਆ। ਇੰਜ ਲੱਗਦਾ ਸੀ ਜਿਸਮ ਜਿਊਂਦਾ,
ਅੰਦਰ ਹੈ ਕੁਝ ਮਰਦਾ ਜਾਂਦਾ, ਖੁੱਲ੍ਹੀ ਅੱਖ ਤੇ ਭਰਮ
ਤਿੜਕਿਆ, ਸਾਲਮ ਸੀ ਮੈਂ ਨਵਾਂ ਨਰੋਇਆ।

ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ, ਸੂਰਜ ਵਿੱਚੋਂ ਤੇਰੇ ਨਕਸ਼ ਨਿਹਾਰ
ਰਿਹਾ ਹਾਂ। ਕਿਰਨਾਂ ਵਿੱਚੋਂ ਤੇਰਾ ਚਿਹਰਾ, ਧੜਕਣ ਵਿੱਚ
ਉਤਾਰ ਰਿਹਾ ਹਾਂ। ਤੇਰੀ ਨਾਭੀ ਵਿੱਚ ਕਸਤੂਰੀ, ਏਦਾਂ
ਕੁਝ ਮਹਿਸੂਸ ਕਰਾਂ ਮੈਂ, ਮਹਿਕ ਦੁਆਰੇ ਪਹੁੰਚਣ ਦੇ
ਲਈ ਆਪਣੇ ਪੰਖ ਪਸਾਰ ਰਿਹਾ ਹਾਂ।

ਗੁਰਭਜਨ ਗਿੱਲ


ਵੇਚੇਂ ਗੁਲਕੰਦ ਤੂੰ ਗੁਲਾਬ ਨੂੰ ਮਧੋਲ ਕੇ। ਪੁੱਛਿਆ ਵੀ
ਕਰ ਕਦੇ, ਦੁਖ ਸੁਖ ਫ਼ੋਲ ਕੇ। ਤੇਰੀਆਂ ਬੁਲੰਦੀਆਂ 'ਚ,
ਮੇਰਾ ਵੀ ਸ਼ੁਮਾਰ ਹੈ, ਹਸਤੀ ਨਾ ਮੇਟ ਸਾਡੀ, ਏਸ ਤਰ੍ਹਾਂ
ਰੋਲ਼ ਕੇ। ਗੁਰਭਜਨ ਗਿੱਲ


Good morning
ਆ ਜਾਂਦੇ ਨੇ, ਤੁਰ ਜਾਂਦੇ ਨੇ, ਦੁੱਖ ਸੁਖ ਤਾਂ ਮਹਿਮਾਨ
ਜਹੇ ਨੇ। ਰੂਹ ਵਿੱਚ ਸੁਪਨੇ ਕਰਨ ਕਲੋਲਾਂ, ਉਹ ਤਾਂ ਮੇਰੀ
ਜਾਨ ਜਹੇ ਨੇ। ਸਿਰ ਤੇ ਨੀਲਾ ਅੰਬਰ ਫਿਰ ਵੀ, ਲਾਉਂਦੇ
ਹੇਕਾਂ ਦਿਨ ਤੇ ਰਾਤਾਂ, ਮੇਰੇ ਪਿੰਡ ਦੇ ਸਰਬ ਨਿਵਾਸੀ,
ਨਿਰਧਨ ਵੀ ਧਨਵਾਨ ਜਹੇ ਨੇ। ਗੁਰਭਜਨ ਗਿੱਲ


ਜੀਵਨ ਮੂਲ ਦਾ ਮਹਿੰਗਾ ਪੱਤਰਾ, ਸ਼ਬਦ ਗੁਰੂ ਹੈ ਸਰਬ
ਨਿਰੰਤਰ। ਜੱਗ ਰੁਸ਼ਨਾਇਆ ਚਹੁਦਿਸ ਜਿਸਨੇ,
ਜਾਗਤ ਜੋਤ ਨਾ ਰੱਖਦੀ ਅੰਤਰ। ਦੇ ਦਿੱਤਾ ਉਪਦੇਸ਼
ਜਗਾਇਆ, ਚਹੁੰ ਵਰਣਾਂ ਨੂੰ ਗੂੜ੍ਹੀ ਨੀਂਦੋਂ, ਸਰਬ ਧਰਮ
ਸਨਮਾਨ ਤੇ ਆਦਰ, ਸਰਬਕਾਲ ਲਈ ਇੱਕੋ ਮੰਤਰ।
ਗੁਰਭਜਨ ਗਿੱਲ



ਹਿੰਮਤ ਬਾਝੋਂ, ਭਲਿਆ ਲੋਕਾ, ਆਸ ਦੇ ਬੂਟੇ ਸੁੱਕ ਜਾਂਦੇ ਨੇ। ਮਾਰ ਗੁਲੇਲਾਂ ਜੇ ਨਾ ਵਰਜੋ, ਤੋਤੇ ਅੰਬੀਆਂ ਟੁੱਕ ਜਾਂਦੇ ਨੇ। ਖੂਹ ਦੀ ਮਾਲ੍ਹ ਜਿਹਾ ਤੂੰ ਹੋ ਜਾ, ਟਿੰਡਾਂ ਭਰ ਭਰ ਧਰਤੀ ਸਿੰਜ ਦੇ, ਵਿਹਲਾ ਨਾ ਬਹਿ, ਏਸ ਤਰ੍ਹਾਂ ਤਾਂ, ਭਰੇ ਭੜੋਲੇ ਮੁੱਕ ਜਾਂਦੇ ਨੇ। ਗੁਰਭਜਨ ਗਿੱਲ



ਕਿੰਨੇ ਸੂਰਜ ਚੜ੍ਹ ਕੇ ਲਹਿ ਗਏ, ਵਕਤ ਲਿਹਾਜ਼ ਕਦੇ
ਨਹੀਂ ਕਰਦਾ। ਸਿਖ਼ਰ ਪਹਾੜ ਦੀ ਟੀਸੀ ਉੱਤੋਂ, ਉੱਤਰੇ
ਬਾਝੋਂ ਕਿਸ ਦਾ ਸਰਦਾ। ਗੈਸ ਗੁਬਾਰੇ ਚੜ੍ਹਦੇ ਅੰਬਰੀਂ,
ਕਿੱਥੇ ਡਿੱਗਦੇ ਵੇਖ ਲਿਆ ਕਰ, ਤੂੰ ਇਸ ਜੂਨੀ ਕਿਉਂ
ਪੈਂਦਾ ਹੈਂ, ਜੇ ਮਨ ਰਹਿੰਦੈ ਅੰਦਰੋਂ ਡਰਦਾ।

ਗੁਰਭਜਨ ਗਿੱਲ



ਏਸੇ ਦਾ ਪਛਤਾਵਾ ਹੁਣ ਵੀ, ਦਰਦ ਦਿਲੇ ਦਾ ਕਹਿ ਨਹੀਂ
ਹੋਇਆ। ਇਹ ਗੱਲ ਵੀ ਮੈਂ ਤਾਂ ਦੱਸੀ ਏ, ਮੇਰੇ ਕੋਲੋਂ ਰਹਿ
ਨਹੀਂ ਹੋਇਆ। ਤੁਰਿਆ ਰਹਿੰਦਾਂ ਸ਼ਾਮ ਸਵੇਰੇ, ਪੈਰੀਂ
ਬੰਨ੍ਹ ਕੇ ਸਫ਼ਰ ਲੰਮੇਰੇ, ਸੂਰਜ ਦੀ ਟਿੱਕੀ ਨੂੰ ਚੁੰਮਣੈਂ, ਏਸੇ
ਕਰਕੇ ਬਹਿ ਨਹੀਂ ਹੋਇਆ। ਗੁਰਭਜਨ ਗਿੱਲ



ਸਿਖ਼ਰ ਪਹਾੜੋਂ ਆਇਆ ਰੁੱਕਾ, ਪੜ੍ਹ ਲਓ, ਫਿਰ ਮਗਰੋਂ
ਨਾ ਕਹਿਣਾ। ਜਿੱਦਾਂ ਧਰਤੀ ਅੱਜ ਤਪਦੀ ਹੈ, ਚੋਟੀ ਦਾ
ਜਲਵਾ ਨਹੀਂ ਰਹਿਣਾ। ਦਸ ਵਰ੍ਹਿਆਂ ਤੱਕ ਤਪਸ਼ ਨੇ ਵਧ
ਕੇ, ਚਾਰ ਡਿਗਰੀਆਂ ਹੋਰ ਹੈ ਤਪਣਾ, ਮੇਰੀਆਂ ਸਭ
ਬਰਫ਼ਾਨੀ ਟੀਸੀਆਂ, ਪਿਘਲ ਪਿਘਲ ਧਰਤੀ ਵੱਲ
ਵਹਿਣਾ। ਗੁਰਭਜਨ ਗਿੱਲ


ਬੇਕਦਰੇ! ਤੂੰ ਅੱਖ ਵਿੱਚ ਅੱਥਰੂ, ਵੇਖ ਲਿਆ ਕਰ।
ਛਲਕ ਰਹੇ ਨੇ ਕਿੰਨੇ ਚਿਰ ਤੋਂ, ਵੇਖ ਲਿਆ ਕਰ। ਦਿਲ
ਦੀ ਧੜਕਣ ਤੇਜ਼ ਧੜਕਦੀ ਘੜੀਆਂ ਨਾਲੋਂ, ਟਿਕ ਟਿਕ
ਟਿਕ ਟਿਕ, ਰੁਕ ਨਾ ਜਾਵੇ, ਵੇਖ ਲਿਆ ਕਰ।
ਗੁਰਭਜਨ ਗਿੱਲ



ਛਾਈ ਉਮਰ ਦੇ ਉੱਤੇ ਹੈ ਰੁੱਤ ਕੇਹੀ, ਨਾ ਹਾਂ ਜੀਣ ਜੋਗੇ
ਤੇ ਨਾ ਮਰਨ ਜੋਗੇ । ਹੋਰ ਜ਼ਖ਼ਮ ਨਾ ਕਰੋ ਹੁਣ ਜਿਗਰ
ਅੰਦਰ, ਬਾਕੀ ਸਾਹ ਨਾ ਇਹਨਾਂ ਨੂੰ ਭਰਨ ਜੋਗੇ। ਚਾਰ
'ਚੀਨੀ' ਤੋਂ ਲਈਆਂ ਚੁਰਾ ਗਜ਼ਲਾਂ, ਹੋ ਗਏ ਪੈਰ
ਮੁਸ਼ਾਇਰੇ ਵਿਚ ਧਰਨ ਜੋਗੇ । ਸ਼ੇਅਰ ਫੁਰੇ ਨਾ
ਕਲਪਨਾ ਕੰਮ ਕਰਦੀ, ਰਹਿ ਗਏ ਸਿਰਫ਼ ਪ੍ਰਧਾਨਗੀ
ਕਰਨ ਜੋਗੇ। ਸੂਬਾ ਸਿੰਘ


[redacted]
ਤੂੰ ਨਾ ਹੂਹੇ ਦਸਤਕ ਦਿੱਤੀ ਕੱਲ੍ਹ ਵਰਗਾ ਅੱਜ ਦਿਨ ਨਹੀਂ
ਚੜ੍ਹਿਆ । ਕੀ ਦੱਸਾਂ ਮੈਂ ਤੇਰਾ ਲਿਖਿਆ ਕਿੰਨੀ ਵਾਰੀ
ਮੁੜ ਮੁੜ ਪੜ੍ਹਿਆ । ਦੋ ਸਤਰਾਂ ਵਿਚਕਾਰ ਦੀ ਖ਼ਾਲੀ
ਥਾਂ ਨੇ ਮੈਨੂੰ ਇਹ ਸਮਝਾਇਐ, ਬਹੁਤੀ ਵਾਰੀ ਉਹ
ਪੜ੍ਹਿਆ ਕਰ ਜੋ ਛੱਡ ਜਾਨੈਂ ਤੂੰ ਅਣਪੜ੍ਹਿਆ।
ਗੁਰਭਜਨ ਗਿੱਲ



ਵਕਤ ਹਮੇਸ਼ਾਂ ਲਿਖ ਸਮਝਾਵੇ ਪਰ ਕਾਹਲੀ ਵਿੱਚ ਅਸੀਂ ਨਾ ਪੜ੍ਹੀਏ । ਪੜ੍ਹਦੇ ਹਾਂ ਪਰ ਅਸਰ ਨਾ ਕਰੀਏ ਦਿਲ ਅੰਦਰ ਇਹ ਕਦੇ ਨਾ ਜੜੀਏ । ਪੱਤੇ ਉੱਪਰ ਸਬਕ ਲਿਖੇ ਨੇ ਕਾਦਰ ਨੇ ਖ਼ੁਦ ਆਪਣੇ ਹੱਥੀਂ, ਜੇ ਸਾਹਾਂ ਵਿੱਚ ਸ਼ਾਮਿਲ ਕਰੀਏ ਆਪਣੀ ਅੱਗ ਕਦੇ ਨਾ ਸੜੀਏ।

ਗੁਰਭਜਨ ਗਿੱਲ


ਹਰ ਰਿਸ਼ਤੇ ਦਾ ਵੱਖਰਾ ਚਿਹਰਾ, ਪਰ ਮਮਤਾ ਦੀ ਮੂਰਤ
ਮਾਂ ਹੈ । ਸਬਰ, ਸਿਦਕ, ਸੰਤੋਖ, ਸਮਰਪਣ ਸ਼ਕਤੀ
ਇਸ ਦਾ ਦੂਜਾ ਨਾਂ ਹੈ । ਹਰ ਪਲ ਹੁਣ ਵੀ ਅੰਗ ਸੰਗ
ਰਹਿੰਦੀ ਰਾਮ ਕਾਰ ਚਉਗਿਰਦ ਹਮਾਰੇ, ਚਿਰ ਹੋਇਆ
ਹੈ ਤੁਰ ਗਈ ਭਾਵੇਂ ਅੱਜ ਵੀ ਸਾਡੇ ਸਿਰ ’ਤੇ ਛਾਂ ਹੈ।
ਗੁਰਭਜਨ ਗਿੱਲ


ਨੈਣਾਂ ਦੀ ਇਹ ਝੀਲ ਬਲੌਰੀ, ਅੱਗੇ ਪਰਦੇ ਲਾਇਆ
ਨਾ ਕਰ । ਬਲ਼ਣ ਦਿਆ ਕਰ ਨੈਣ ਮਤਾਬੀ, ਕਾਲ਼ੀ
ਐਨਕ ਲਾਇਆ ਨਾ ਕਰ । ਰਾਤ ਹਨ੍ਹੇਰੀ ਅੰਦਰ
ਜੁਗਨੂੰ, ਵਾਹੁੰਦੇ ਵੇਖ ਲਕੀਰਾਂ ਅੰਬਰੀਂ, ਇਸ ਅਣਮੁੱਲੇ
ਮਹਿੰਗੇ ਪਲ ਨੂੰ, ਵੇਖ ਲਿਆ ਕਰ, ਜ਼ਾਇਆ ਨਾ ਕਰ।
ਗੁਰਭਜਨ ਗਿੱਲ


ਛਾਈ ਉਮਰ ਦੇ ਉੱਤੇ ਹੈ ਰੁੱਤ ਕੇਹੀ, ਨਾ ਹਾਂ ਜੀਣ ਜੋਗੇ
ਤੇ ਨਾ ਮਰਨ ਜੋਗੇ । ਹੋਰ ਜ਼ਖ਼ਮ ਨਾ ਕਰੋ ਹੁਣ ਜਿਗਰ
ਅੰਦਰ, ਬਾਕੀ ਸਾਹ ਨਾ ਇਹਨਾਂ ਨੂੰ ਭਰਨ ਜੋਗੇ। ਚਾਰ
'ਚੀਨੀ' ਤੋਂ ਲਈਆਂ ਚੁਰਾ ਗਜ਼ਲਾਂ, ਹੋ ਗਏ ਪੈਰ
ਮੁਸ਼ਾਇਰੇ ਵਿਚ ਧਰਨ ਜੋਗੇ । ਸ਼ੇਅਰ ਫ਼ੁਰੇ ਨਾ
ਕਲਪਨਾ ਕੰਮ ਕਰਦੀ, ਰਹਿ ਗਏ ਸਿਰਫ਼ ਪ੍ਰਧਾਨਗੀ
ਕਰਨ ਜੋਗੇ। ਸੂਬਾ ਸਿੰਘ


ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ।
ਬੈਠੇ ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ।
ਕਿਹੜਾ ਰੱਖਦੈ ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ,
ਬਹੁਤੀ ਵਾਰੀ ਸਮਝ ਪਵੇ ਨਾ ਸਾਨੂੰ ਸਰਲ ਸਵਾਲ।
ਗੁਰਭਜਨ ਗਿੱਲ


ਸੂਰਜ ਦੀ ਲਿਸ਼ਕੋਰ ਜਹੇ ਸੀ, ਨਹੀਂ ਭੁੱਲਦੇ ਉਹ ਸੱਜਣ
ਪਿਆਰੇ। ਇੱਕ ਪਲ ਦੇ ਝਲਕਾਰੇ ਬਦਲੇ, ਦੇ ਗਏ ਲੱਖਾਂ
ਦਰਦ ਉਧਾਰੇ। ਲੌਂਗ ਲਾਚੀਆਂ ਵਰਗੀ ਖ਼ੁਸ਼ਬੂ,ਜੋ ਦੇ
ਗਏ ਉਹ ਮਹਿਕ ਰਹੀ ਹੈ, ਰਾਤ ਪਈ ਤੇ ਸਗਲ
ਸਨੇਹੀ ,ਅੰਬਰ ਦੇ ਵਿੱਚ ਬਣ ਗਏ ਤਾਰੇ।
ਗੁਰਭਜਨ ਗਿੱਲ


Ashish Kumar Gupta
Created By
Good
Morning
ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ
ਲੋਕਾ । ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ
ਤੰਗ ਵੇ ਲੋਕਾ । ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ
ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ,
ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ


ਦਿੱਲੀਏ ਤੇਰੀ ਕਬਰ 'ਤੇ ਖਿੜਦੇ ਕਾਲ਼ੇ ਕਿਉਂ ਗੁਲਾਬ ਤੂੰ
ਸੋਚ । ਸਦੀਆਂ ਪੁੱਛ ਕੇ ਥੱਕ ਗਈਆਂ ਨੇ ਕਿਉਂ ਨਾ
ਦਏਂ ਜਵਾਬ, ਤੂੰ ਸੋਚ । ਇੱਕ ਧਰਤੀ, ਕਾਨੂੰਨ ਅਨੇਕਾਂ
ਇਹ ਇਨਸਾਫ਼ ਤੂੰ ਕਿੱਥੋਂ ਸਿੱਖਿਆ, ਬਾਂਦਰ ਵਰਕੇ
ਪਾੜ ਰਹੇ, ਮੁੜ ਕਿੱਸਰਾਂ ਜੁੜੂ ਕਿਤਾਬ, ਤੂੰ ਸੋਚ
ਗੁਰਭਜਨ ਗਿੱਲ



ਰਾਵੀ ਪਾਰ ਗਿਆ ਸਾਂ ਪਿੰਡ ਮੈਂ, ਮੁੜ ਆਇਆਂ ਸੌ
ਵਾਰੀ ਮਰ ਕੇ। ਪੰਜ ਪੀਰਾਂ ਦੀ ਸਰਦਲ ਉੱਤੇ ਆਪਣੇ
ਸਾਰੇ ਅੱਥਰੂ ਧਰ ਕੇ। ਕਹਿ ਆਇਆ ਹਾਂ ਪੁਰਖਿਆਂ
ਵੱਲੋਂ, ਹੁਣ ਨਾ ਮੁੜ ਕੇ ਦਰਸ਼ਨ ਹੋਣੇ, ਕੀ ਦੱਸਾਂ ਕਿੰਜ
ਨਿੱਖੜੇ ਤੈਥੋਂ, ਛਾਤੀ ਉੱਪਰ ਪੰਥਰ ਧਰ ਕੇ।

ਗੁਰਭਜਨ ਗਿੱਲ



ਰਾਵੀ ਪਾਰ ਗਿਆ ਸਾਂ ਪਿੰਡ ਮੈਂ, ਮੁੜ ਆਇਆਂ ਸੌ
ਵਾਰੀ ਮਰ ਕੇ। ਪੰਜ ਪੀਰਾਂ ਦੀ ਸਰਦਲ ਉੱਤੇ ਆਪਣੇ
ਸਾਰੇ ਅੱਥਰੂ ਧਰ ਕੇ। ਕਹਿ ਆਇਆ ਹਾਂ ਪੁਰਖਿਆਂ
ਵੱਲੋਂ, ਹੁਣ ਨਾ ਮੁੜ ਕੇ ਦਰਸ਼ਨ ਹੋਏ, ਕੀ ਦੱਸਾਂ ਕਿੰਜ
ਨਿੱਖੜੇ ਤੈਥੋਂ, ਛਾਤੀ ਉੱਪਰ ਪੰਥਰ ਧਰ ਕੇ।
ਗੁਰਭਜਨ ਗਿੱਲ



ਅਣਖ਼ ਦੀ ਖਾਤਰ ਸੀਸ ਦੀ ਕੀਮਤ ਬੜੀ ਨਹੀਂ। ਲੱਗਦੈ
ਤੂੰ ਤਾਰੀਖ਼ ਹੀ ਸਾਡੀ ਪੜ੍ਹੀ ਨਹੀਂ। ਕੁਝ ਗਰਜ਼ਾਂ ਦੀ
ਖਾਤਰ, ਵਿਕ ਜਾਂ ਸਸਤੇ ਭਾਅ, ਏਨੀ ਘਟੀਆ ਜੰਗ
ਕਦੇ ਮੈਂ ਲੜੀ ਨਹੀਂ। ਗੁਰਭਜਨ ਗਿੱਲ


ਅੱਜ ਉੱਠਦੇ ਸਵੇਰੇ ਤੇਰਾ ਆਇਆ ਸੀ ਖ਼ਿਆਲ। ਝੋਲੀ
ਭਰ ਗਈ ਹੈ ਮੇਰੀ ਸੂਹੇ ਸੂਹੇ ਫੁੱਲਾਂ ਨਾਲ। ਹੋਰ ਸਾਰੇ ਹੀ
ਸਵਾਲਾਂ ਦੇ ਜਵਾਬ ਮੇਰੇ ਕੋਲ, ਕੱਲ੍ਹਾ ਹੱਲ ਹੀ ਨਾ ਹੋਵੇ,
ਤੇਰੀ ਚੁੱਪ ਦਾ ਸਵਾਲ। ਗੁਰਭਜਨ ਗਿੱਲ


ਫ਼ੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ
ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਇੱਕ ਮਿੱਠੜੀ ਮੁਸਕਾਨ ਬਿਨਾ ਮੈਂ  ਤੇਰੇ ਤੋਂ ਕੁਝ ਹੋਰ ਨਾ
ਮੰਗਦਾ। ਤੇਰਾ ਕੰਡ ਘੁਮਾ ਕੇ ਬਹਿਣਾ, ਜਿੰਦ ਮੇਰੀ ਸੂਲੀ
ਤੇ ਟੰਗਦਾ। ਮੰਨਿਆ!ਛਣਕਣ ਹਾਸੇ ਅੰਦਰ ਸੁੱਕੀਆਂ
ਜਿਵੇਂ ਸ਼ਰੀਂਹ ਦੀਆਂ ਫ਼ਲੀਆਂ, ਇੱਕ ਅੱਧ ਡੋਬਾ ਦੇ ਜਾ
ਮੈਨੂੰ,ਮੋਰਨੀਏ ਨੀ ਰੂਹ ਦੇ ਰੰਗ ਦਾ।
ਗੁਰਭਜਨ ਗਿੱਲ



ਸਾਗਰ ਕੰਢੇ ਲਹਿਰਾਂ ਗਿਣਦੇ,ਦਿਨ ਢਲਿਆ ਤੇ ਬਹਿ ਗਈ ਸ਼ਾਮ। ਸੂਰ ਲਹਿਰਾਂ ਨੇ ਸਰਗਮ ਛੇੜੀ, ਹੋਰ ਦੂਨੀ ਵਿੱਚ ਵਹਿ ਗਈ ਸ਼ਾਮ। ਕਦੇ ਕਦੇ ਇੰਜ ਬਹਿ ਜਾਇਆ ਕਰ,ਵਕਤ ਸਵਾਰੀ ਕਰਦੇ ਹੋਏ, ਆਪਣੇ ਆਪ ਨੂੰ ਮਿਲਿਆ ਕਰ ਤੂੰ, ਜਾਂਦੀ ਜਾਂਦੀ ਕਹਿ ਗਈ ਸ਼ਾਮ।

ਗੁਰਭਜਨ ਗਿੱਲ



ਦੁਸਹਿਰਾ ਯੁੱਧ ਦਾ ਆਖਰੀ ਨਹੀਂ ਦਸਵਾਂ ਦਿਨ ਹੁੰਦਾ ਹੈ। ਯੁੱਧ ਤਾਂ ਜਾਰੀ ਰੱਖਣਾ ਪੈਂਦਾ ਹੈ। ਸਭ ਤੋਂ ਪਹਿਲਾਂ ਆਪਣੇ ਖ਼ਿਲਾਫ਼ ਜਿਸ ਚ ਸਦੀਆਂ ਤੋਂ ਰਾਵਣ ਡੇਰਾ ਲਾਈ ਬੈਠਾ ਹੈ। ਤ੍ਰਿਸ਼ਨਾ ਦਾ ਸੋਨ ਮਿਰਗ ਛੱਡ ਦੇਂਦਾ ਹੈ ਰੋਜ਼ ਸਵੇਰੇ ਸਾਨੂੰ ਛਲਾਵੇ ਚ ਲੈਂਦਾ ਹੈ। ਸਾਦਗੀ ਦੀ ਸੀਤਾ ਮੱਈਆ ਰੋਜ਼ ਛਲਦਾ ਹੈ ਫਿਰ ਵੀ ਧਰਮੀ ਅਖਵਾਉਂਦਾ ਹੈ। ਗੁਰਭਜਨ ਗਿੱਲ



ਨੰਗੇ ਪਿੰਡੇ ਤੁਰਨਾ ਔਖਾ ਤਿੱਖੜ ਤੇਜ਼ ਦੁਪਹਿਰ ਦੇ ਅੰਦਰ। ਬਿਰਖ਼ ਗੁਆਚ ਗਏ ਨੇ ਸੜਕੋਂ ਏਸ ਸਰਾਪੇ ਸ਼ਹਿਰ ਦੇ ਅੰਦਰ। ਕਮਰੇ ਤੋਂ ਕਮਰੇ ਦਾ ਪੈਂਡਾ ਘਰ ਵਿੱਚ ਕੋਹਾਂ ਵਧਿਆ ਵੇਖੋ, ਦਿਲ ਟੁੱਟਿਆ ਫੁੱਲ ਬਣ ਕੇ ਤਰਦਾ ਦਿਲ ਦਰਿਆ ਦੀ ਲਹਿਰ ਦੇ ਅੰਦਰ।

ਗੁਰਭਜਨ ਗਿੱਲ


ਜਾਣ ਵਾਲਿਆ! ਤੁਰ ਤਾਂ ਚੱਲਿਐਂ, ਇਹ ਨਾ ਕਹਿਰ
ਗੁਜ਼ਾਰ ਵੇ ਬੀਬਾ। ਕੱਲ੍ਹਿਆਂ ਤੋਂ ਨਹੀਂ ਚੁੱਕਿਆ ਜਾਣਾ,
ਇੱਕ ਅੱਥਰੂ ਦਾ ਭਾਰ ਵੇ ਬੀਬਾ। ਤੂੰ ਮੋਹ ਤੋੜ ਕੇ ਜਿੱਧਰ
ਚੱਲਿਐਂ, ਇਹ ਗੱਲ ਮੇਰੀ ਚੇਤੇ ਰੱਖੀਂ, ਫ਼ਰਜ਼ਾਂ ਦੀ ਥਾਂ
ਗ਼ਰਜ਼ਾਂ ਵਾਲਾ, ਵਿਸ਼ਗੰਦਲਾ ਸੰਸਾਰ ਵੇ ਬੀਬਾ।
ਗੁਰਭਜਨ ਗਿੱਲ



ਕੀ ਦੱਸਾਂ ਜੀ ਸਮਝ ਪਵੇ ਨਾ, ਅੱਜ ਤੜਕੇ ਦੀ ਅੱਖ
ਪਈ ਫਰਕੇ। ਜਾਂ ਤਾਂ ਖੜ੍ਹੀ ਮੁਸੀਬਤ ਸਿਰ ਤੇ, ਜਾਂ ਫਿਰ
ਯਾਦ ਤੇਰੀ ਦੇ ਕਰਕੇ। ਦਰਦ ਕਥਾਵਾਂ ਉਮਰੋਂ ਲੰਮੀਆਂ,
ਸਾਂਭ ਜ਼ਬਾਨੀ ਰੱਖ ਨਹੀਂ ਸਕਣਾ, ਲਿਖ ਛੱਡਿਆ ਕਰ
ਏਥੇ ਆ ਕੇ, ਦਿਲ ਮੇਰੇ ਦੇ ਕੋਰੇ ਵਰਕੇ। ਗੁਰਭਜਨ ਗਿੱਲ


ਤੂੰ ਮੈਂ ਜੋ ਅੱਜ ਤੀਕ ਨਾ ਕੀਤਾ, ਚੱਲ ਦੋਵੇਂ ਰਲ਼ ਉਹ ਕੰਮ
ਕਰੀਏ। ਰੂਹ ਦੇ ਅੰਦਰੋਂ ਸਭ ਰੰਗ ਲੈ ਕੇ, ਸਾਹਾਂ ਦੀ
ਪਿਚਕਾਰੀ ਭਰੀਏ। ਮੈਂ ਬਣ ਜਾਨਾਂ ਕ੍ਰਿਸ਼ਨ ਘਨੱਈਆ
ਤੇ ਤੂੰ ਬਣ ਜਾ ਲੋਕ ਰਾਧਿਕਾ, ਹਰ ਪਲ ਹਰ ਸਾਹ ਕਣ
ਕਣ ਹੋਲੀ, ਰੰਗਾਂ ਦੇ ਸਾਗਰ ਵਿੱਚ ਤਰੀਏ।
ਗੁਰਭਜਨ ਗਿੱਲ


ਬੇਕਦਰੇ! ਤੂੰ ਅੱਖ ਵਿੱਚ ਅੱਥਰੂ, ਵੇਖ ਲਿਆ ਕਰ।
ਛਲਕ ਰਹੇ ਨੇ ਕਿੰਨੇ ਚਿਰ ਤੋਂ, ਵੇਖ ਲਿਆ ਕਰ। ਦਿਲ
ਦੀ ਧੜਕਣ ਤੇਜ਼ ਧੜਕਦੀ ਘੜੀਆਂ ਨਾਲੋਂ, ਟਿਕ ਟਿਕ
ਟਿਕ ਟਿਕ, ਰੁਕ ਨਾ ਜਾਵੇ, ਵੇਖ ਲਿਆ ਕਰ।
ਗੁਰਭਜਨ ਗਿੱਲ



ਮੰਜ਼ਿਲ ਨੇੜੇ ਹੋ ਜਾਵੇ ਜਦ ਜਗਣ ਚਿਰਾਗ ਬਨੇਰੇ ਤੇ।
ਤੁਰਨਾ ਹੈ ਜਾਂ ਬਹਿ ਕੇ ਝੁਰਨਾ ਬਾਕੀ ਨਿਰਭਰ ਤੇਰੇ ਤੇ।
ਸੂਰਜ ਹੁੰਦਿਆਂ ਸੁੰਦਿਆਂ ਸੁੱਤੇ ਰਹਿਣ ਵਾਲਿਓ ਜਾਗ
ਪਵੋ, ਪਿੱਛੇ ਰਹਿ ਗਏ ਦੋਸ਼ ਧਰੋਗੇ, ਮਗਰੋਂ ਸਿਰਫ਼
ਹਨ੍ਹੇਰੇ ਤੇ। ਗੁਰਭਜਨ ਗਿੱਲ


ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ
ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ,
ਸਹਿਜ ਸਵਾਸੀਂ ਮੜ੍ਹਿਆ ਕਰ ਤੂੰ।

ਗੁਰਭਜਨ ਗਿੱਲ


ਅਜਬ ਸਰੂਰ ਜਿਹਾ ਇੱਕ ਮਿਲਦੈ, ਸ਼ਹਿਰ ਤੇਰੇ 'ਚੋਂ
ਲੰਘਦਿਆਂ ਵੀ। ਰਹਿ ਨਹੀਂ ਹੋਇਆ, ਕਹਿ ਦਿੱਤਾ ਹੈ,
ਤੈਨੂੰ ਇਹ ਮੈਂ ਸੰਗਦਿਆਂ ਵੀ। ਨੀਮ ਜ਼ਹਿਰ ਵਿੱਚ ਘੂਕ
ਪਿਆ ਹਾਂ, ਕੈਸਾ ਡੰਗ ਚਲਾਇਆ ਹੈ ਤੂੰ, ਸ਼ੁਕਰ ਤੇਰਾ
ਤੂੰ ਚੇਤੇ ਰੱਖੀ, ਰਿਸ਼ਤੇਦਾਰੀ ਡੰਗਦਿਆਂ ਵੀ।
ਗੁਰਭਜਨ ਗਿੱਲ




ਕੀ ਦੱਸਾਂ ਕੀ ਦੱਸਾਂ ਯਾਰਾ, ਰਾਵੀ ਮੈਨੂੰ ਦੇਸ ਵਾਂਗ ਹੈ। ਜਿੱਥੇ ਆਹ ਮੈਂ ਰਹਿੰਦਾ ਮਰਦਾਂ, ਇਹ ਤਾਂ ਸਭ ਪਰਦੇਸ ਵਾਂਗ ਹੈ। ਬੇਦਖ਼ਲਾਂ ਵਿੱਚ ਮੇਰਾ ਨਾਵਾਂ, ਲਿਖਣਾ ਚਾਹੋ ਲਿਖ ਸਕਦੇ ਹੋ, ਇਹ ਧਰਤੀ ਤਾਂ ਸਾਡੀ ਖ਼ਾਤਰ, ਬਿਲਕੁਲ ਪਾਟੇ ਖੇਸ ਵਾਂਗ ਹੈ। ਗੁਰਭਜਨ ਗਿੱਲ


ਤਨ ਕੱਜਣ ਲਈ ਵਸਤਰ ਚੁਣੀਏ, ਉੱਠਦਿਆਂ ਹੀ ਰੋਜ਼
ਸਵੇਰੇ। ਸ਼ਬਦ ਵਿਚਾਰ ਕਿਉਂ ਨਾ ਧਰੀਏ, ਮਨ ਮੰਦਰ ਦੇ
ਸਿਖ਼ਰ ਬਨੇਰੇ। ਸ਼ੁਭ ਕਰਮਨ ਦੀ ਬਾਤ ਕਰਦਿਆਂ, ਘਸ
ਚੱਲੀ ਹੈ ਜੀਭ ਨਿਮਾਣੀ, ਅਮਲਾਂ ਦੇ ਬਿਨ ਵਧ ਚੱਲੇ ਨੇ,
ਜ਼ਿੰਦਗੀ ਦੇ ਵਿੱਚ ਗੂੜ੍ਹ ਹਨੇਰੇ। ਗੁਰਭਜਨ ਗਿੱਲ



ਖ਼ੂਨ ਜਿਗਰ ਦਾ ਪਾਉਣਾ ਪੈਂਦਾ, ਸ਼ਬਦ ਸਦਾ ਕੁਰਬਾਨੀ ਮੰਗਦੇ। ਜੇ ਬੋਲੋ ਤਾਂ ਜਾਨ ਨੂੰ ਖ਼ਤਰਾ, ਨਾ ਬੋਲੋ ਤਾਂ ਸੂਲੀ ਟੰਗਦੇ। ਹਰ ਪਲ ਜੀਕੂੰ ਇਮਤਿਹਾਨ ਹੈ, ਰਹਿਣਾ ਪੈਂਦੈ ਲੱਤ ਇੱਕੋ ਤੇ, ਚੌਂਕੀਦਾਰ ਤੋਂ ਸਖ਼ਤ ਨੌਕਰੀ, ਫ਼ਿਕਰ ਚੁਫ਼ੇਰਿਓਂ ਰਹਿੰਦੇ ਡੰਗਦੇ। ਗੁਰਭਜਨ ਗਿੱਲ


ਧਰਤਿ ਵੰਗਾਰੇ ਤਖ਼ਤ ਨੂੰ
ਸਾਡੀ ਵੀ ਇਹ ਮਾਂ ਧਰਤੀ ਹੈ, ਤੈਥੋਂ ਡਰ ਕੇ ਜੈ ਕਿਉਂ
ਕਹੀਏ? ਚਾਰੇ ਚੱਕ ਜਾਗੀਰ ਅਸਾਡੀ, ਜਿੱਥੇ ਜਿੱਦਾਂ
ਮਰਜ਼ੀ ਰਹੀਏ। ਸੀਸ ਤਲੀ ਤੇ ਆਪਾਂ ਧਰੀਏ, ਦੇਸ਼
ਆਜ਼ਾਦ ਕਰਾਵਣ ਵੇਲੇ, ਹੁਣ ਤੂੰ ਭਾਗ ਵਿਧਾਤਾ ਬਣਦੈਂ,
ਦੱਸਦੈਂ ਕਿੱਥੇ ਉੱਠੀਏ ਬਹੀਏ। ਗੁਰਭਜਨ ਗਿੱਲ



ਪਤਾ ਨਹੀਂ, ਜ਼ਿੰਦਗੀ, ਤੂੰ ਕੀ ਪੜ੍ਹਾਇਆ, ਹਾਦਸੇ ਵਰਗਾ। ਕਿ ਉਸ ਤੋਂ ਬਾਦ ਕੁਝ ਵੀ ਰਹਿ ਗਿਆ ਨਾ, ਜ਼ਿੰਦਗੀ ਵਰਗਾ। ਮੈਂ ਅਕਸਰ ਸੋਚਦਾ ਹਾਂ, ਕਦ ਮਿਲੇਗਾ ਇਸ਼ਟ ਇਨ੍ਹਾਂ ਨੂੰ, ਜਿਨ੍ਹਾਂ ਨੂੰ ਰਾਤ ਦਿਨ ਹੀ ਭਰਮ ਰਹਿੰਦਾ ਬੰਦਗੀ ਵਰਗਾ। ਗੁਰਭਜਨ ਗਿੱਲ


ਤੂੰ ਮੈਂ ਜੋ ਅੱਜ ਤੀਕ ਨਾ ਕੀਤਾ, ਚੱਲ ਦੋਵੇਂ ਰਲ਼ ਉਹ ਕੰਮ
ਕਰੀਏ। ਰੂਹ ਦੇ ਅੰਦਰੋਂ ਸਭ ਰੰਗ ਲੈ ਕੇ, ਸਾਹਾਂ ਦੀ
ਪਿਚਕਾਰੀ ਭਰੀਏ। ਮੈਂ ਬਣ ਜਾਨਾਂ ਕ੍ਰਿਸ਼ਨ ਘਨੱਈਆ
ਤੇ ਤੂੰ ਬਣ ਜਾ ਲੋਕ ਰਾਧਿਕਾ, ਹਰ ਪਲ ਹਰ ਸਾਹ ਕਣ
ਕਣ ਹੋਲੀ, ਰੰਗਾਂ ਦੇ ਸਾਗਰ ਵਿੱਚ ਤਰੀਏ।
ਗੁਰਭਜਨ ਗਿੱਲ


ਕੀ ਦੱਸਾਂ ਜੀ ਸਮਝ ਪਵੇ ਨਾ, ਅੱਜ ਤੜਕੇ ਦੀ ਅੱਖ
ਪਈ ਫਰਕੇ। ਜਾਂ ਤਾਂ ਖੜ੍ਹੀ ਮੁਸੀਬਤ ਸਿਰ ਤੇ, ਜਾਂ ਫਿਰ
ਯਾਦ ਤੇਰੀ ਦੇ ਕਰਕੇ। ਦਰਦ ਕਥਾਵਾਂ ਉਮਰੋਂ ਲੰਮੀਆਂ,
ਸਾਂਭ ਜ਼ਬਾਨੀ ਰੱਖ ਨਹੀਂ ਸਕਣਾ, ਲਿਖ ਛੱਡਿਆ ਕਰ
ਏਥੇ ਆ ਕੇ, ਦਿਲ ਮੇਰੇ ਦੇ ਕੋਰੇ ਵਰਕੇ।
ਗੁਰਭਜਨ ਗਿੱਲ


ਨਜ਼ਰ ਭਰ ਤੂੰ ਵੇਖਿਆ, ਮੁੜ ਦਿਲ ਦੀਵਾਨਾ ਹੋ ਗਿਆ।
ਵਿੱਛੜਿਆਂ ਤੇਰੇ ਤੋਂ ਭਾਵੇਂ, ਇੱਕ ਜ਼ਮਾਨਾ ਹੋ ਗਿਆ।
ਵੇਖ ਲੈ ਬਿਨ ਬੋਲਿਆਂ ਤੋਂ, ਇਹ ਮੁਹੱਬਤ ਦਾ ਕਮਾਲ,
ਫ਼ਰਸ਼ ਬਣ ਗਈ ਧਰਤ, ਅੰਬਰ ਸ਼ਾਮਿਆਨਾ ਹੋ
ਗਿਆ। ਗੁਰਭਜਨ ਗਿੱਲ


ਕਿੱਧਰ ਤੁਰਿਉਂ, ਕਿੱਥੇ ਪਹੁੰਚੋਂ, ਧਰਤੀ ਧਰਮ ਨਿਭੌਣ
ਵਾਲਿਆ। ਭਟਕਣ ਚਾਰ ਚੁਫ਼ੇਰਿਉਂ ਘੇਰੇ, ਸਾਬਤ
ਸਿਦਕ ਪੜੌਣ ਵਾਲਿਆ। ਦਿਨ ਤੇ ਰਾਤ ਹਨ੍ਹੇਰਾ ਗੂੜ੍ਹਾ,
ਗ਼ਰਜ਼ਾਂ ਅੱਗੇ ਫ਼ਰਜ਼ ਗਵਾਚੇ, ਪੁੱਤਰ ਧੀਆਂ ਸਬਕ
ਭੁਲਾਇਆ, ਸਾਡੇ ਰਾਹ ਰੁਸ਼ਨੌਣ ਵਾਲਿਆ।
ਗੁਰਭਜਨ ਗਿੱਲ


ਉਮਰ ਗਵਾਚ ਰਹੀ ਕਿਉਂ ਸਾਡੀ, ਸਾੜਾ ਕੀਨਾ ਸੂਲੀ
ਟੰਗਦੇ। ਸ਼ੁਭ ਕਰਮਨ ਦੀ ਦਾਤ ਬਖ਼ਸ਼ ਦੇ, ਦਰਦ
ਮਜੀਠੀ ਦੇ ਵਿੱਚ ਰੰਗ ਦੇ। ਇੱਕ ਦੂਜੇ ਨੂੰ ਦਿਲ ਦੀ
ਕਹਿਣਾ, ਜ਼ਿੰਦਗੀ ਵਿੱਚੋਂ ਖ਼ਾਰਜ ਹੋਇਆ, ਆਪਣਾ
ਆਪ ਗੁਆਚ ਰਿਹਾ ਹੈ, ਆਪਣਿਆਂ ਤੋਂ ਸੰਗਦੇ
ਸੰਗਦੇ। ਗੁਰਭਜਨ ਗਿੱਲ


ਸੁਰਖ਼ ਗੁਲਾਬਾਂ ਦੇ ਬਾਗ਼ਾਂ ਵਿੱਚ, ਐਸੀ ਰੁੱਤ ਵੀ ਆ
ਜਾਂਦੀ ਹੈ। ਗੁਰਬਤ ਜੀਕੂੰ ਖੜ੍ਹੇ ਖਲੋਤੇ, ਸਾਬਤ ਬੰਦੇ ਖਾ
ਜਾਂਦੀ ਹੈ। ਤਨ ਦੀ ਮਿੱਟੀ ਪਾਲਣ ਖ਼ਾਤਰ, ਮਨ ਦੇ
ਮੌਸਮ ਗਿਰਵੀ ਕਰਨੇ, ਵੇਖ ਲਵੋ ਇੱਕ ਬੁਰਕੀ ਸਾਨੂੰ,
ਕਿੰਨੇ ਸਬਕ ਸਿਖਾ ਜਾਂਦੀ ਹੈ। ਗੁਰਭਜਨ ਗਿੱਲ


ਮਾਂ ਦੇ ਪੈਰਾਂ ਥੱਲੇ ਜੰਨਤ, ਸੁਣੀ ਨਹੀਂ ਮੈਂ, ਜਾਣ ਲਈ ਹੈ।
ਅਸਲ ਹਕੀਕਤ ਦੂਨੀਆਂ ਫਿਰ ਕੇ, ਆਖ਼ਰ ਨੂੰ
ਪਹਿਚਾਨ ਲਈ ਹੈ। ਸ਼ਬਦ ਸਿਰਜਣਾ ਸੁਰ ਦੀ ਕੀਮਤ,
ਲੋਰੀ ਅੱਗੇ ਕੁਝ ਵੀ ਨਹੀਉਂ, ਮਾਂ ਦੀ ਗੋਦੀ ਅੰਦਰ ਬਹਿ
ਕੇ, ਮੈਂ ਇਹ ਖ਼ੁਸ਼ਬੂ ਮਾਣ ਲਈ ਹੈ। ਗੁਰਭਜਨ ਗਿੱਲ




ਜ਼ਿੰਦਗੀ! ਕਿੰਨੇ ਕੁ ਰਹਿੰਦੇ ਹੋਰ ਹਾਲੇ ਇਮਤਿਹਾਨ। ਤੰਦ ਢਿੱਲੀ ਕਰ ਦਿਆ ਕਰ, ਟੁੱਟ ਨਾ ਜਾਵੇ ਕਮਾਨ। ਸੁਪਨ ਨਗਰੀ ਵਿੱਚ ਰਹਿ ਕੇ, ਇਹ ਤੇ ਹੁਣ ਮੈਂ ਜਾਣਦਾਂ, ਬਹੁਤ ਔਖੇ ਸਾਂਭਣੇ ਹਨ, ਖ੍ਵਾਬ ਨੇ ਕੱਚ ਦਾ ਸਮਾਨ।

ਗੁਰਭਜਨ ਗਿੱਲ


ਕਿੱਧਰ ਤੁਰ ਗਏ ਯਾਰ ਪੁਰਾਣੇ ਲੱਭਦੇ ਨਹੀਂ। ਨਾ
ਸਾਲਮ ਨਾ ਅੱਧੋਰਾਣੇ ਲੱਭਦੇ ਨਹੀਂ। ਨਾ ਧੁੱਪਾਂ ਨਾ ਛਾਵਾਂ
ਕਿਧਰੇ ਲੱਭਦੀਆਂ ਨੇ, ਸੱਜਣ ਬੇਲੀ ਦਰਦ ਰੰੜਾਣੇ
ਲੱਭਦੇ ਨਹੀਂ। ਗੁਰਭਜਨ ਗਿੱਲ



ਅੱਜ ਰਾਤੀਂ ਮੈਂ ਸੁਪਨੇ ਅੰਦਰ ਹੱਸਦਾ ਹੱਸਦਾ ਰੱਜ ਕੇ ਰੋਇਆ। ਦਿਨ ਚੜ੍ਹਿਆ ਤੇ ਬੜਾ ਸੋਚਿਆ, ਸੁੱਤੇ ਸੁੱਤੇ ਇਹ ਕੀ ਹੋਇਆ। ਇੰਜ ਲੱਗਦਾ ਸੀ ਜਿਸਮ ਜਿਊਂਦਾ, ਅੰਦਰ ਹੈ ਕੁਝ ਮਰਦਾ ਜਾਂਦਾ, ਖੁੱਲ੍ਹੀ ਅੱਖ ਤੇ ਭਰਮ ਤਿੜਕਿਆ, ਸਾਲਮ ਸੀ ਮੈਂ ਨਵਾਂ ਨਰੋਇਆ।

ਗੁਰਭਜਨ ਗਿੱਲ



ਦਿਨ ਚੜ੍ਹਿਆ ਹੈ, ਸੂਰਜ ਵਿੱਚੋਂ ਤੇਰੇ ਨਕਸ਼ ਨਿਹਾਰ
ਰਿਹਾ ਹਾਂ। ਕਿਰਨਾਂ ਵਿੱਚੋਂ ਤੇਰਾ ਚਿਹਰਾ, ਧੜਕਣ ਵਿੱਚ
ਉਤਾਰ ਰਿਹਾ ਹਾਂ। ਤੇਰੀ ਨਾਭੀ ਵਿੱਚ ਕਸਤੂਰੀ, ਏਦਾਂ
ਕੁਝ ਮਹਿਸੂਸ ਕਰਾਂ ਮੈਂ, ਮਹਿਕ ਦੁਆਰੇ ਪਹੁੰਚਣ ਦੇ
ਲਈ ਆਪਣੇ ਪੰਖ ਪਸਾਰ ਰਿਹਾ ਹਾਂ।
ਗੁਰਭਜਨ ਗਿੱਲ


ਵੇਚੇਂ ਗੁਲਕੰਦ ਤੂੰ ਗੁਲਾਬ ਨੂੰ ਮਧੋਲ ਕੇ। ਪੁੱਛਿਆ ਵੀ
ਕਰ ਕਦੇ, ਦੁਖ ਸੁਖ ਫ਼ੋਲ ਕੇ। ਤੇਰੀਆਂ ਬੁਲੰਦੀਆਂ 'ਚ,
ਮੇਰਾ ਵੀ ਸ਼ੁਮਾਰ ਹੈ, ਹਸਤੀ ਨਾ ਮੇਟ ਸਾਡੀ, ਏਸ ਤਰ੍ਹਾਂ
ਰੋਲ਼ ਕੇ। ਗੁਰਭਜਨ ਗਿੱਲ


Good morning
ਆ ਜਾਂਦੇ ਨੇ, ਤੁਰ ਜਾਂਦੇ ਨੇ, ਦੁੱਖ ਸੁਖ ਤਾਂ ਮਹਿਮਾਨ
ਜਹੇ ਨੇ। ਰੂਹ ਵਿੱਚ ਸੁਪਨੇ ਕਰਨ ਕਲੋਲਾਂ, ਉਹ ਤਾਂ ਮੇਰੀ
ਜਾਨ ਜਹੇ ਨੇ। ਸਿਰ ਤੇ ਨੀਲਾ ਅੰਬਰ ਫਿਰ ਵੀ, ਲਾਉਂਦੇ
ਹੇਕਾਂ ਦਿਨ ਤੇ ਰਾਤਾਂ, ਮੇਰੇ ਪਿੰਡ ਦੇ ਸਰਬ ਨਿਵਾਸੀ,
ਨਿਰਧਨ ਵੀ ਧਨਵਾਨ ਜਹੇ ਨੇ। ਗੁਰਭਜਨ ਗਿੱਲ


ਕਿੰਨੇ ਸੂਰਜ ਚੜ੍ਹ ਕੇ ਲਹਿ ਗਏ, ਵਕਤ ਲਿਹਾਜ਼ ਕਦੇ
ਨਹੀਂ ਕਰਦਾ। ਸਿਖ਼ਰ ਪਹਾੜ ਦੀ ਟੀਸੀ ਉੱਤੋਂ, ਉੱਤਰੇ
ਬਾਝੋਂ ਕਿਸ ਦਾ ਸਰਦਾ। ਗੈਸ ਗੁਬਾਰੇ ਚੜ੍ਹਦੇ ਅੰਬਰੀਂ,
ਕਿੱਥੇ ਡਿੱਗਦੇ ਵੇਖ ਲਿਆ ਕਰ, ਤੂੰ ਇਸ ਜੂਨੀ ਕਿਉਂ
ਪੈਂਦਾ ਹੈਂ, ਜੇ ਮਨ ਰਹਿੰਦੈ ਅੰਦਰੋਂ ਡਰਦਾ।
ਗੁਰਭਜਨ ਗਿੱਲ



ਏਸੇ ਦਾ ਪਛਤਾਵਾ ਹੁਣ ਵੀ, ਦਰਦ ਦਿਲੇ ਦਾ ਕਹਿ ਨਹੀਂ ਹੋਇਆ। ਇਹ ਗੱਲ ਵੀ ਮੈਂ ਤਾਂ ਦੱਸੀ ਏ, ਮੇਰੇ ਕੋਲੋਂ ਰਹਿ ਨਹੀਂ ਹੋਇਆ। ਤੁਰਿਆ ਰਹਿੰਦਾਂ ਸ਼ਾਮ ਸਵੇਰੇ, ਪੈਰੀਂ ਬੰਨ੍ਹ ਕੇ ਸਫ਼ਰ ਲੰਮੇਰੇ, ਸੂਰਜ ਦੀ ਟਿੱਕੀ ਨੂੰ ਚੁੰਮਣੈਂ, ਏਸੇ ਕਰਕੇ ਬਹਿ ਨਹੀਂ ਹੋਇਆ। ਗੁਰਭਜਨ ਗਿੱਲ


ਸਿਖ਼ਰ ਪਹਾੜੋਂ ਆਇਆ ਰੁੱਕਾ, ਪੜ੍ਹ ਲਓ, ਫਿਰ ਮਗਰੋਂ
ਨਾ ਕਹਿਣਾ। ਜਿੱਦਾਂ ਧਰਤੀ ਅੱਜ ਤਪਦੀ ਹੈ, ਚੋਟੀ ਦਾ
ਜਲਵਾ ਨਹੀਂ ਰਹਿਣਾ। ਦਸ ਵਰ੍ਹਿਆਂ ਤੱਕ ਤਪਸ਼ ਨੇ ਵਧ
ਕੇ, ਚਾਰ ਡਿਗਰੀਆਂ ਹੋਰ ਹੈ ਤਪਣਾ, ਮੇਰੀਆਂ ਸਭ
ਬਰਫ਼ਾਨੀ ਟੀਸੀਆਂ, ਪਿਘਲ ਪਿਘਲ ਧਰਤੀ ਵੱਲ
ਵਹਿਣਾ। ਗੁਰਭਜਨ ਗਿੱਲ


ਮਾਂ ਵਰਗਾ ਘਣ ਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ ।
ਬਾਕੀ ਕੁਲ ਦੁਨੀਆਂ ਦੇ ਬੂਟੇ, ਜੜ੍ਹ ਸੁਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁਕ ਜਾਏ।
ਪ੍ਰੋ. ਮੋਹਨ ਸਿੰਘ






ਪਿਆਰਿਓ! ਐਤਵਾਰ ਮੁਬਾਰਕ! ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ  ਸਾਰਸ ਮੇਲੇ ਅੰਦਰ ਐਤਕੀਂ ਕਿਤਾਬਾਂ ਵੀ ਵਿਕ ਰਹੀਆਂ ਨੇ। ਮੇਰਾ ਗੀਤ ਸੰਗ੍ਰਹਿ “ਫੁੱਲਾਂ ਦੀ ਝਾਂਜਰ “ਤੇ ਹੋਰ ਸਭ ਕਿਤਾਬਾਂ ਵੀ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਵਾਲਿਆਂ ਦੇ ਸਟਾਲ ਤੋਂ ਮਿਲ ਜਾਣਗੀਆਂ। “ਫੁੱਲਾਂ ਦੀ ਝਾਂਜਰ” ਦਾ ਤੀਸਰਾ ਐਡੀਸ਼ਨ ਸੋਮਵਾਰ ਛਪ ਕੇ ਆ ਰਿਹੈ। ਚਾਹੋ ਤਾਂ ਖ਼ਰੀਦ ਰੇ ਪੜ੍ਹ ਸਕਦੇ ਹੋ।  ਸਟਾਲ ਸੰਪਰਕ: ਸੁਮਿਤ ਗੁਲਾਟੀ 98762 07774 ਗੁਰਭਜਨ ਗਿੱਲ


ਬਿਨ ਬੋਲੇ ਤੂੰ ਭਰ ਦੇਂਦੀ ਏਂ ਸਾਹਾਂ ਵਿੱਚ ਕਸਤੂਰੀ।
ਪੂਰੀ ਨਾਲੋਂ ਬਹੁਤਾ ਦੱਸੇ ਤੇਰੀ ਬਾਤ ਅਧੂਰੀ।
ਦਸਤਕ ਤੇ ਆਵਾਜ਼ ਸੁਣਨ ਲਈ, ਕੰਨ ਆਪਣੀ ਥਾਂ ਨੇ,
ਰੂਹ ਦੀ ਬੋਲੀ ਪੜ੍ਹਨ ਲਈ ਹੈ ਚੁੱਪ ਦਾ ਸਾਥ ਜ਼ਰੂਰੀ।
ਗੁਰਭਜਨ ਗਿੱਲ



ਬਾਬਲ ਤੇ ਮਾਂ ਮੇਰੀ ਦੋਵੇਂ ,ਜਿੰਦਾਂ ਸੀ ਇੱਕ ਜਾਨ
ਵਰਗੀਆਂ। ਮਾਣ,ਮੁਹੱਬਤ,ਆਤਮ ਬਲ ਤੇ ਸੋਝੀ ਗੁਰੂ
ਗਿਆਨ ਵਰਗੀਆਂ। ਰਹੇ ਸਲਾਮਤ ਧਰਮੀ
ਬਾਬਲ,ਯਾਦਾਂ ਸਿਰ ਤੇ ਛਾਂ ਘੁੰਗਰਾਲ਼ੀ, ਕਿੰਜ
ਭੁਲਾਵਾਂ ਲੱਖ ਅਸੀਸਾਂ,ਮਾਪਿਆਂ ਦੇ ਵਰਦਾਨ
ਵਰਗੀਆਂ। ਗੁਰਭਜਨ ਗਿੱਲ

ਨੀ ਖ਼ੁਸ਼ਬੋਈਏ! ਜੀਣ ਜੋਗੀਏ, ਕਿੱਦਾਂ ਸਾਹਾਂ ਵਿੱਚ ਪਰੋਈਏ। ਭਟਕਦਿਆਂ ਨਾ ਲੰਘੇ ਉਮਰਾ, ਆ ਜਾ ਦੋਵੇਂ ਇੱਕ ਸਾਹ ਹੋਈਏ। ਚਿਰ ਹੋਇਆ ਮੈਂ ਜਾਂਦਿਆਂ ਵੇਖਿਆ, ਹਾਏ! ਉਹ ਨੂਰੀ ਝਲਕਾਰਾ, ਅੱਜ ਤੀਕਰ ਮਹਿਸੂਸ ਕਰਾਂ ਮੈਂ, ਹਸਰਤ ਹੈ ਕਿ ਸਨਮੁਖ ਹੋਈਏ।

ਗੁਰਭਜਨ ਗਿੱਲ


ਮਨ ਖਿੜਦਾ ਹੈ ਏਸ ਤਰ੍ਹਾਂ ਹੀ ਹੱਸਿਆ ਕਰ,
ਮੁਸਕਾਇਆ ਕਰ ਤੂੰ। ਸੋਚਾਂ ਦੇ ਦਰਿਆ ਵਿੱਚ ਹਰ ਦਮ,
ਗੋਤੇ ਹੀ ਨਾ ਖਾਇਆ ਕਰ ਤੂੰ। ਤੇਰੇ ਅੰਦਰ ਕਿੰਨੇ
ਸਾਗਰ ,ਮਾਣਕ ਮੋਤੀ ਹੋਰ ਬੜਾ ਕੁਝ, ਬਾਜ਼ ਵਾਂਗਰਾਂ
ਧਰਤੀਉਂ ਅੰਬਰ ਸੂਰਜ ਤੱਕ ਵੀ ਜਾਇਆ ਕਰ ਤੂੰ।
ਗੁਰਭਜਨ ਗਿੱਲ


ਜੀ ਆਇਆਂ ਨੂੰ ਆਖਣ ਦੇ ਲਈ ਹਰ ਵਾਰੀ ਮੁਸਕਾਨ
ਨਹੀਂ ਹੁੰਦੀ। ਹਰ ਵੰਗਾਰ, ਚੁਣੌਤੀ ਮਿੱਤਰੋ, ਹਰ ਮਨ
ਵਿਚ ਮਹਿਮਾਨ ਨਹੀਂ ਹੁੰਦੀ। ਤੋਪਾਂ ਤੇ ਬੰਦੂਕਾਂ ਭਾਵੇਂ
ਅਜ਼ਲਾਂ ਤੋਂ ਹੀ ਚੱਲ ਰਹੀਆਂ ਨੇ, ਵੇਖ ਲਵੋ ਜੀ ਹਾਕਮ
ਕੋਲੋਂ, ਸੱਚ ਦੀ ਬੰਦ ਜ਼ਬਾਨ ਨਹੀਂ ਹੁੰਦੀ।
ਗੁਰਭਜਨ ਗਿੱਲ



ਇਕ ਦੂਜੇ ਦੀ ਛਾਵੇਂ ਰਹੀਏ, ਆ ਜਾ ਬੈਠ ਉਦਾਸੀ
ਧੋਈਏ। ਆਪੋ ਅਪਣੇ ਮਨ ਦੀ ਮਿੱਟੀ, ਕੁੱਟੀਏ, ਭੰਨੀਏ,
ਮੁੜ ਕੇ ਗੋਈਏ। ਸ਼ਬਦ ਵਿਚਾਰੇ ਰਾਹ ਵਿੱਚ ਰਹਿ ਗਏ,
ਸੰਗਦੇ ਮਰਦੇ ਦੱਸ ਕੀ ਕਰਦੇ, ਆ ਇਨ੍ਹਾਂ ਵਿਚ ਜਾਨ
ਪਰੋਈਏ, ਹੁਣ ਹੀ ਤੁਰੀਏ, ਅੱਗੇ ਹੋਈਏ।

ਗੁਰਭਜਨ ਗਿੱਲ


ਚਲੋ ਚਲੋ ਜੀ, ਧਰਤੀ ਪੈਰੀਂ ਝਾਂਜਰ ਪਾਈਏ, ਨੱਚੀਏ
ਗਾਈਏ। ਸੂਰਜ ਟਿੱਕਾ, ਚੰਨ ਦੀ ਦੌਣੀ, ਤਾਰਿਆਂ ਗਾਣੀ
ਹਾਰ ਬਣਾਈਏ। ਅੱਗੇ ਤੁਰੀਏ, ਤੇਜ਼ ਤਰਾਰੀ, ਜ਼ਿੰਦਗੀ
ਨੂੰ ਉਪਰਾਮ ਨਾ ਕਰੀਏ, ਪੌਣਾਂ ਤੇ ਅਸਵਾਰ ਮੁਸਾਫ਼ਰ
ਵਾਂਗੂੰ ਰਹਿੰਦਾ ਸਫ਼ਰ ਮੁਕਾਈਏ।
ਗੁਰਭਜਨ ਗਿੱਲ

ਜੋ ਹਾਲੇ ਚੁੱਪ ਨੇ, ਇਹ ਵੀ ਜ਼ਬਾਨ ਰੱਖਦੇ ਨੇ। ਇਕੱਲੇ
ਤੀਰ ਨਹੀਂ, ਤਰਕਸ਼ ਕਮਾਨ ਰੱਖਦੇ ਨੇ। ਉਦੋਂ ਸਰਹੰਦ ਨੂੰ
ਵੀ ਕੁਝ ਕੁ ਪਲ ਤਹਿ-ਤੇਗ ਕਰਦੇ, ਸਤਾਏ ਲੋਕ ਜਦ
ਖਿੱਚ ਕੇ ਮਿਆਨ ਰੱਖਦੇ ਨੇ। ਗੁਰਭਜਨ ਗਿੱਲ


ਸੀਨਾ ਤਾਂਹੀਓ ਤਾਣ ਬਰਾਬਰ ਰੱਖਦੇ ਹਾਂ। ਮਰ ਮੁੱਕਣ
ਦੀ ਬਾਣ ਬਰਾਬਰ ਰੱਖਦੇ ਹਾਂ। ਗੰਦਲ ਵਾਂਗੂੰ ਕੱਚੀਆਂ
ਤਾਂ ਨਹੀਂ ਦੋਸਤੀਆਂ, ਦੁਸ਼ਮਣ ਦੀ ਪਹਿਚਾਣ ਬਰਾਬਰ
ਰੱਖਦੇ ਹਾਂ। ਗੁਰਭਜਨ ਗਿੱਲ


ਮਨ ਦਾ ਵਿਹੜਾ ਮਹਿਕ ਗਿਆ ਹੈ। ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਵਗਦੀ ਪੌਣ ਮਗਰ ਨਹੀਂ ਜਾਣਾ, ਮੈਂ
ਸਧਰਾਂ ਨੂੰ ਵਰਜ ਲਿਆ ਹੈ। ਗੁਰਭਜਨ ਗਿੱਲ


ਮੈਂ ਅਪਣੇ ਆਪ ਨੂੰ ਆਖਾਂ ਮੁਕੰਮਲ ਹੋ ਨਹੀਂ ਸਕਣਾ।
ਕਿ ਸਭ ਕੁਝ ਵੇਖ ਕੇ, ਏਨਾ ਵੀ ਗਾਫ਼ਿਲ ਹੋ ਨਹੀਂ
ਸਕਣਾ। ਮੇਰੇ ਸਾਹਾਂ 'ਚ ਹਾਉਕੇ, ਪੀੜ ਮੱਥੇ, ਕਸਕ
ਦਿਲ ਅੰਦਰ, ਇਕੱਲਾ ਜਿਸਮ ਤਾਂ ਜਸ਼ਨਾਂ 'ਚ ਸ਼ਾਮਿਲ
ਹੋ ਨਹੀਂ ਸਕਣਾ। ਗੁਰਭਜਨ ਗਿੱਲ


ਦਿਲ ਦੀ ਬਗੀਚੜੀ 'ਚ ਅੱਜ ਮੇਰਾ ਯਾਰ ਆਇਆ।
ਸੱਜਰੀ ਸਵੇਰ ਜੇਹੀਏ, ਰੱਜ ਕੇ ਪਿਆਰ ਆਇਆ।
ਪੌਣ ਖੁਸ਼ਬੋਈ ਲੈ ਕੇ ਵੇਖ ਮੇਰੇ ਦਵਾਰ ਆਈ, ਤੱਕ ਮੇਰੇ
ਨੈਣਾਂ ਵਿਚ ਕਿੰਨਾ ਹੈ ਨਿਖ਼ਾਰ ਆਇਆ।
ਗੁਰਭਜਨ ਗਿੱਲ




ਪਰੇਸ਼ਾਨ ਹਾਂ ਵੇਖ ਵੇਖ ਕੇ, ਮਾਂ ਧਰਤੀ ਦੀ ਅਜਬ
ਮੁਹਾਰਤ। ਹਰ ਟਾਹਣੀ ਤੇ ਕਿੱਦਾਂ ਲਿਖਦੀ, ਵੱਖਰੀ
ਸੋਹਣੀ ਸਫ਼ਲ ਇਬਾਰਤ। ਸਿੱਖ ਨਹੀਂ ਸਕਿਆ ਮੈਂ ਪੁੱਤ
ਹੋ ਕੇ,ਮਾਂ ਕੋਲੋਂ ਇਹ ਸਗਲ ਜ਼ਬਾਨਾਂ, ਬੁੱਝਦਿਆਂ ਹੀ
ਥੱਕ ਚੱਲਿਆ ਹਾਂ, ਹਰ ਟਾਹਣੀ ਤੇ ਨਵੀਂ ਬੁਝਾਰਤ।
ਗੁਰਭਜਨ ਗਿੱਲ


ਕਿੰਨਾ ਕੁਝ ਹੈ ਇਸ ਦੇ ਅੰਦਰ ਯਾਦਾਂ ਦਾ ਸਰਮਾਇਆ
ਫ਼ੋਲੋ। ਬੜਾ ਕੀਮਤੀ ਮਾਲ ਖ਼ਜ਼ਾਨਾ,ਬੀਤ ਗਏ ਦੀ
ਗੰਢੜੀ ਖ਼ੋਲੋ। ਕਿਸ ਪਲ ਕਿਹੜੀ ਗੱਲ ਤੇ ਹੱਸੇ, ਰੋਏ
ਕਿਹੜੇ ਮੋੜ ਦੇ ਉੱਤੇ, ਇਕਲਾਪੇ ਦਾ ਲਾਭ ਉਠਾਉ, ਦਿਲ
ਦੇ ਨਾਲ ਕਦੇ ਤਾਂ ਬੋਲੋ। ਗੁਰਭਜਨ ਗਿੱਲ



ਰੂਹ ਦਾ ਸਾਜ਼ ਤਾਂ ਆਪਣੇ ਅੰਦਰੋਂ,ਆਪੇ ਹੀ
ਟੁਣਕਾਉਣਾ ਪੈਂਦੈ। ਮਨ ਦਾ ਘੋੜਾ ਚੜ੍ਹਦੀ ਕਲਾ
ਵੱਲ,ਵਾਗਾਂ ਖਿੱਚ ਭਜਾਉਣਾ ਪੈਂਦੈ। ਜੇ ਇੱਕ ਵਾਰੀ ਨੱਕਾ
ਟੁੱਟ ਜੇ, ਵਹਿਣ ਨੀਵਾਣਾਂ ਵੱਲ ਨੂੰ ਜਾਵੇ, ਬੰਨ੍ਹ ਮਜ਼ਬੂਤ
ਬਣਾ ਕੇ ਪਾਣੀ ਪੈਲ਼ੀ ਵੱਲ ਪਰਤਾਉਣਾ ਪੈਂਦੈ।

ਗੁਰਭਜਨ ਗਿੱਲ


ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ
ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਫੁੱਲਾਂ ਨੂੰ ਜ਼ਬਾਨ ਲਾ ਕੇ ਓਸ ਕਿਹਾ ਖੋਲ੍ਹ ਨਾ। ਮਹਿਕ
ਦੇ ਕੇ ਆਖਿਆ ਤੂੰ ਵਿਕੀਂ ਮਹਿੰਗੇ ਤੋਲ ਨਾ। ਆਉਣੇ
ਵਣਜਾਰੇ ਲੱਖਾਂ, ਮੁੱਲ ਤੇਰਾ ਪਾਉਣ ਲਈ, ਚੁੱਪ ਚਾਪ
ਵੰਡੀ ਜਾਹ ਤੂੰ ਮੂੰਹੋਂ ਪਰ ਬੋਲ ਨਾ। ਗੁਰਭਜਨ ਗਿੱਲ



ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ
ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਤੂੰ ਹੋਰਾਂ ਨੂੰ ਵੀ ਹੋੜ
ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ
ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ
ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ


ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ
ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ,
ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ


ਸੂਰਜ ਨੂੰ ਪੌੜੀ ਨਹੀਂ ਲੱਗਦੀ, ਅੰਦਰ ਜਗਦਾ ਦੀਵਾ
ਧਰਿਉ। ਆਤਮ ਬਲ ਤੇ ਸਬਰ ਸਹਾਰੇ ਆਪੇ ਆਪਣਾ
ਚਿੰਤਨ ਕਰਿਉ। ਆਪਣੀ ਰੂਹ ਦਾ ਲੇਖਾ ਜੋਖਾ ਹੋਰ
ਕਿਸੇ ਤੋਂ ਕਿਉਂ ਕਰਵਾਉਣਾ, ਹੀਲੇ ਨਾਲ ਵਸੀਲੇ
ਬਣਦੇ,ਐਵੇਂ ਨਾ ਬਹਿ ਹੌਕੇ ਭਰਿਉ। ਗੁਰਭਜਨ ਗਿੱਲ


ਪਤਾ ਨਹੀਂ, ਜ਼ਿੰਦਗੀ, ਤੂੰ ਕੀ ਪੜ੍ਹਾਇਆ, ਹਾਦਸੇ
ਵਰਗਾ। ਕਿ ਉਸ ਤੋਂ ਬਾਦ ਕੁਝ ਵੀ ਰਹਿ ਗਿਆ ਨਾ,
ਜ਼ਿੰਦਗੀ ਵਰਗਾ। ਮੈਂ ਅਕਸਰ ਸੋਚਦਾ ਹਾਂ, ਕਦ
ਮਿਲੇਗਾ ਇਸ਼ਟ ਇਨ੍ਹਾਂ ਨੂੰ, ਜਿਨ੍ਹਾਂ ਨੂੰ ਰਾਤ ਦਿਨ ਹੀ
ਭਰਮ ਰਹਿੰਦਾ ਬੰਦਗੀ ਵਰਗਾ।
ਗੁਰਭਜਨ ਗਿੱਲ


ਬੰਦਿਆਂ ਦੀ ਚੜ੍ਹਤਲ ਤੇ ਸੂਰਜ ਚਰਖ਼ ਸਮੇਂ ਦਾ ਚੜ੍ਹਦੇ
ਲਹਿੰਦੇ। ਇਹ ਤਾਂ ਭਰਮ ਸਦੀਵੀ ਸਾਡਾ ਦਿਨ ਰਾਤਾਂ
ਇੱਕਸਾਰ ਨਹੀਂ ਰਹਿੰਦੇ। ਸੂਰਜ ਕੋਲੋਂ ਸਬਕ ਲਿਆ ਮੈਂ,
ਡੁੱਬਣ ਪਿੱਛੋਂ ਚੜ੍ਹਨਾ ਵੀ ਹੈ, ਸਫ਼ਰ ਸਦੀਵੀ ਰੱਖਣਾ
ਜਾਰੀ, ਹਿੰਮਤੀ ਰਾਹਾਂ ਵਿੱਚ ਨਹੀਂ ਬਹਿੰਦੇ।
ਗੁਰਭਜਨ ਗਿੱਲ



ਇਹ ਵਰਕਾ ਤੂੰ ਕਿੱਥੋਂ ਪੜ੍ਹਿਆ ,ਹਰ ਵੇਲੇ ਹੀ ਝੁਰਦੇ
ਰਹਿਣਾ। ਸਾਬਣ ਦੀ ਚਾਕੀ ਦੇ ਵਾਂਗੂੰ, ਕਿਣ ਮਿਣ ਥੱਲੇ
ਖ਼ੁਰਦੇ ਰਹਿਣਾ। ਸਾਬਤ ਸਿਦਕ ਸਰੂਪ ਸੁਤੰਤਰ ਸਿਰੜ
ਸਮਰਪਣ ਸਾਂਭ ਲਵੇਂ ਜੇ, ਮੰਜ਼ਿਲ ਨੇੜੇ ਆ ਜਾ ਜਾਵੇਗੀ,
ਭੁੱਲੇਂ ਨਾ ਜੇ ਤੁਰਦੇ ਰਹਿਣਾ। ਗੁਰਭਜਨ ਗਿੱਲ



ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ। ਬੈਠੇ
ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ। ਕਿਹੜਾ
ਰੱਖਦੈ ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ, ਬਹੁਤੀ
ਵਾਰੀ ਸਮਝ ਪਵੇ ਨਾ ਸਾਨੂੰ ਸਰਲ ਸਵਾਲ।

ਗੁਰਭਜਨ ਗਿੱਲ


ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ਚੋਂ
ਅਣਲਿਖਿਆ ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ
ਖੁਸ਼ਬੋਈ, ਇੱਕ ਦੂਜੇ ਦੇ ਸਾਹੀਂ ਵੜੀਏ। ਏਸ ਕਲਾ ਦੇ
ਜਾਣਹਾਰੇ ਵਿਰਲੇ ਨੇਤਰ ਧਰਤੀ ਉੱਤੇ, ਦਿਲ ਮੁੰਦਰੀ
ਵਿੱਚ ਮੋਹ ਦੇ ਨਗ ਨੂੰ ਨਾਮ ਧਰੇ ਬਿਨ ਥਾਂ ਸਿਰ ਜੜੀਏ।
ਗੁਰਭਜਨ ਗਿੱਲ



ਮੰਡੀ ਵਿੱਚੋਂ ਹਰ ਸ਼ੈ ਲੱਭਦੀ ਨਾ ਬਾਬਲ ਨਾ ਮਾਂ ਮਿਲਦੀ ਹੈ। ਰਿਸ਼ਤਿਆਂ ਦੇ ਜੰਗਲ ਚੋਂ ਲੱਭੋ, ਕਿੱਥੇ ਐਸੀ ਛਾਂ ਮਿਲਦੀ ਹੈ। ਮਾਪੇ ਜਾਣ ਤੋਂ ਬਾਅਦ ਏਸ ਦੀ ਕੀਮਤ ਦਾ ਅਹਿਸਾਸ ਜਾਗਦਾ, ਤਖ਼ਤਪੋਸ਼ ਬੇ ਰੌਣਕ ਸੁੰਨੀ ਮੰਜੀ ਵਾਲੀ ਥਾਂ ਦਿਸਦੀ ਹੈ। ਗੁਰਭਜਨ ਗਿੱਲ


ਸੂਰਮਿਆਂ ਦੀ ਨਾ ਵੱਖ ਬਸਤੀ, ਨਾ ਹੀ ਵੱਖਰਾ
ਰਹਿਣਾ। ਨਬਜ਼ ਸਮੇਂ ਦੀ ਫੜ ਕੇ ਦੱਸਦੇ, ਹੁਣ ਹੈ ਵਕਤ
ਕੁਲਹਿਣਾ। ਸੀਸ ਤਲੀ ਤੇ ਧਰਨ ਸੂਰਮੇ ਸਾਨੂੰ ਵੀ
ਸਮਝਾਉਂਦੇ, ਫ਼ਰਜ਼ ਨਿਭਾਓ, ਗਰਜ਼ਾਂ ਲਈ ਨਾ ਬਾਰ
ਪਰਾਏ ਬਹਿਣਾ। ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਸੌ ਦੀ ਇੱਕ ਸੁਣਾਵਾਂ। ਏਥੋਂ
ਤੀਕ ਲਿਆਂਦਾ ਮੈਨੂੰ, ਮਾਪਿਆਂ ,ਭੈਣ ਭਰਾਵਾਂ। ਗੁਰ
ਪੀਰਾਂ, ਉਸਤਾਦਾਂ ਚੰਡਿਆ, ਗੁੰਨ੍ਹ ਘੜ ਆਵੇ
ਪਾਇਆ, ਮਿੱਟੀ ਤੋਂ ਮੈਂ ਬਰਤਨ ਬਣਿਆ, ਤਾਂਹੀਂਓ ਸੇਵ
ਕਮਾਵਾਂ। ਗੁਰਭਜਨ ਗਿੱਲ


ਸੂਰਮਿਆਂ ਦੀ ਨਾ ਵੱਖ ਬਸਤੀ, ਨਾ ਹੀ ਵੱਖਰਾ
ਰਹਿਣਾ। ਨਬਜ਼ ਸਮੇਂ ਦੀ ਫੜ ਕੇ ਦੱਸਦੇ, ਹੁਣ ਹੈ ਵਕਤ
ਕੁਲਹਿਣਾ। ਸੀਸ ਤਲੀ ਤੇ ਧਰਨ ਸੂਰਮੇ ਸਾਨੂੰ ਵੀ
ਸਮਝਾਉਂਦੇ, ਫ਼ਰਜ਼ ਨਿਭਾਓ, ਗਰਜ਼ਾਂ ਲਈ ਨਾ ਬਾਰ
ਪਰਾਏ ਬਹਿਣਾ। ਗੁਰਭਜਨ ਗਿੱਲ



ਸੂਰਜ ਦੀ ਲਿਸ਼ਕੋਰ ਜਹੇ ਸੀ, ਨਹੀਂ ਭੁੱਲਦੇ ਉਹ ਸੱਜਣ
ਪਿਆਰੇ। ਇੱਕ ਪਲ ਦੇ ਝਲਕਾਰੇ ਬਦਲੇ, ਦੇ ਗਏ ਲੱਖਾਂ
ਦਰਦ ਉਧਾਰੇ। ਲੌਂਗ ਲਾਚੀਆਂ ਵਰਗੀ ਖ਼ੁਸ਼ਬੂ,ਜੋ ਦੇ
ਗਏ ਉਹ ਮਹਿਕ ਰਹੀ ਹੈ, ਰਾਤ ਪਈ ਤੇ ਸਗਲ
ਸਨੇਹੀ ,ਅੰਬਰ ਦੇ ਵਿੱਚ ਬਣ ਗਏ ਤਾਰੇ।

ਗੁਰਭਜਨ ਗਿੱਲ


ਜ਼ਿੰਦਗੀ ਦੇ ਅਰਥਾਂ ਦਾ ਲੇਖਾ, ਹੋਰ ਕਿਸੇ ਤੋਂ ਕਿਉਂ
ਕਰਵਾਉ। ਹਿੰਮਤ ਕਰਕੇ ਮੀਤ ਪਿਆਰੇ ਆਪੇ ਆਪਣੇ
ਨੇੜੇ ਆਉ। ਇੱਕ ਇੱਕ ਕਦਮ ਹਿਸਾਬ ਦਏਗਾ, ਕੀ
ਖੱਟਿਆ ਤੇ ਕਿਵੇਂ ਗਵਾਚਾ, ਆਪਣੀ ਕੁੱਲ ਹਯਾਤੀ
ਏਦਾਂ ਵਰਕਾ ਵਰਕਾ ਪੜ੍ਹਦੇ ਜਾਓ। ਗੁਰਭਜਨ ਗਿੱਲ



ਕਿਉਂ ਭੁੱਲਦੇ ਹੋ ਮਹਿੰਗਿਓ ਯਾਰੋ!ਜ਼ਿੰਦਗੀ ਕਰੜਾ
ਇਮਤਿਹਾਨ ਹੈ। ਹਿੰਮਤ ਦੀ ਬਾਰੀਕ ਲੀਕ ਇੱਕ, ਹਾਰ
ਤੇ ਜਿੱਤ ਦੇ ਦਰਮਿਆਨ ਹੈ। ਰੀਸ ਬਰੀਸੀ ਮਰ ਚੱਲੇ ਹੋ
ਨਕਲਚੀਓ, ਕਮਅਕਲੇ ਬੰਦਿਓ, ਹਰ ਬੰਦੇ ਦਾ ਵੱਖਰਾ
ਪਰਚਾ,ਜੋ ਸਮਝੇ ਓਹੀ ਇਨਸਾਨ ਹੈ।

ਗੁਰਭਜਨ ਗਿੱਲ



ਜੇ ਜਿੱਤਣੈਂ ਜੰਗ, ਮਨ ਦੇ ਅੰਦਰ ਪਹਿਲਾਂ ਪੱਕਾ ਨਿਸ਼ਚਾ
ਧਾਰੋ। ਭਟਕਣ ਛੱਡਿਆਂ, ਮੰਜ਼ਿਲ ਨੇੜੇ ,ਆ ਜਾਂਦੀ ਹੈ
ਬਰਖੁਰਦਾਰੋ। ਤੇਰੇ ਮੇਰੇ ਸਭ ਦੇ ਬਾਬਲ, ਬਿਨਾ ਕਿਤਾਬੋਂ
ਇਹ ਕਹਿੰਦੇ ਸੀ, ਧਰਮਸਾਲ ਵਿੱਚ ਮਗਰੋਂ, ਪਹਿਲਾਂ,
ਮਨ ਮੰਦਰ ਵਿੱਚ ਝਾਤੀ ਮਾਰੋ। ਗੁਰਭਜਨ ਗਿੱਲ


ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ
ਨਹੀਂ ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ
ਕਿੱਸਰਾਂ ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ
ਬਾਂਕਾ, ਕਿਉਂ ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ
ਬੁੱਸ ਜਾਂਦਾ ਹੈ, ਵਰਤਣ ਦੇ ਕਾਬਿਲ ਨਹੀਂ ਰਹਿੰਦਾ।
ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ
ਏਨੀ ਗੱਲ ਸਮਝੋ ਚੰਨੋ। ਗੁਰਭਜਨ ਗਿੱਲ


ਕਿੱਥੋਂ ਆਏ ਕਿੱਧਰ ਚੱਲੇ ਇਲਮ ਨਹੀਂ ਇਸ ਗੱਲ ਦਾ।
ਅੱਜ ਦਾ ਰੋਜ਼ ਖਿਸਕਿਆ ਹੱਥੋਂ, ਪਤਾ ਨਹੀਂ ਕੁਝ ਕੱਲ੍ਹ
ਦਾ। ਚਾਨਣੀਆਂ ਵਿੱਚ ਤੁਰਿਆਂ ਤੁਰਿਆ ਮਗਰ ਸਦਾ
ਪਰਛਾਵਾਂ, ਰਾਤ ਪਈ ਤੇ ਭਲਿਆ ਲੋਕਾ ਕੌਣ ਕਿਸੇ
ਸੰਗ ਚੱਲਦਾ। ਗੁਰਭਜਨ ਗਿੱਲ


ਜਾਨ ਤੋਂ ਪਿਆਰੇ ਜੇ ਨਾ ਮਾਨਣ ,ਖੁਸ਼ੀਆਂ ਜਾਣ
ਕਰੰਡੀਆਂ। ਮੋਹ ਦੇ ਪਾਣੀ ਬਾਝੋਂ ਤਰਸਣ, ਸੁਰਖ਼ ਫੁੱਲਾਂ
ਦੀਆਂ ਡੰਡੀਆਂ। ਪਰ ਜੇ ਸੱਤ ਬੇਗਾਨਾ ਕੋਈ, ਮੀਂਹ
ਮੁਸਕਾਨ ਤਰੌਂਕੇ , ਰੂਹ ਵਿੱਚ ਵਗਦਾ ਹੈ ਪੁਰਵੱਈਆ,
ਮਹਿਕਦੀਆਂ ਪਗਡੰਡੀਆਂ। ਗੁਰਭਜਨ ਗਿੱਲ


ਬੰਦਾ ਹੈ ਬੰਦੇ ਦਾ ਦਾਰੂ ਬੁਰੇ ਵਕਤ ਸਮਝਾਇਆ। ਸੁਖ
ਵੇਲੇ ਤਾਂ ਪੜ੍ਹ ਨਾ ਸਕਿਆ ਗੁੰਝਲਦਾਰੀ ਮਾਇਆ।
ਕੁਰਸੀ, ਪਦਵੀ, ਮਾਣ ਮਰਤਬਾ,ਖੰਭ ਉਡਾਵਣ ਉੱਚਾ,
ਆਪਣੀ ਹਸਤੀ ਓਦੋਂ ਜਾਣੀ, ਜਦ ਧਰਤੀ ਤੇ
ਆਇਆ। ਗੁਰਭਜਨ ਗਿੱਲ


ਵਧੀਆ ਗੱਲ ਹੈ ਪੱਗ ਤਾਂ ਹੋਵੇ, ਪਰ ਉਸ ਥੱਲੇ ਸਿਰ
ਵੀ ਹੋਵੇ। ਦੀਨ ਦੂਨੀ ਦਾ ਰਾਖੀ ਕਰਦਾ,ਨਾਧਿਰਿਆਂ ਦੀ
ਧਿਰ ਵੀ ਹੋਵੇ। ਕਿੰਨਾ ਹੋਰ ਉਡੀਕੋਗੇ ਜੀ,ਪਟਨੇ ਤੋਂ
ਦਸਮੇਸ਼ ਪਿਤਾ ਨੂੰ, ਸਾਡੇ ਲਈ ਪਰਿਵਾਰ ਨੂੰ ਵਾਰੇ, ਉਹ
ਸਾਰਾ ਕੁਝ ਫਿਰ ਵੀ ਹੋਵੇ। ਗੁਰਭਜਨ ਗਿੱਲ


ਗੋਰਖ ਦੇ ਟਿੱਲੇ ਤੇ ਜੋਗੀ ਸ਼ਾਮੀਂ ਅਕਸਰ ਆ ਜਾਂਦੇ ਨੇ।
ਬਿਰਧ ਬਿਰਖ ਦੀ ਸੁਣ ਜਾਂਦੇ ਤੇ ਆਪਣੀ ਬਾਤ ਸੁਣਾ
ਜਾਂਦੇ ਨੇ। ਦਿਲ ਦਿਲਗੀਰ ਨੂੰ ਢਾਰਸ ਮਿਲਦੀ ਰੂਹ
ਦੀਆਂ ਤਾਰਾਂ ਸੁਰ ਹੋ ਜਾਵਣ, ਤਾਰਿਆਂ ਵੇਲੇ ਚੰਨ ਤੇ
ਤਾਰੇ ਮਿਲਣ ਗਿਲਣ ਜਦ ਆ ਜਾਂਦੇ ਨੇ।
ਗੁਰਭਜਨ ਗਿੱਲ



ਸ਼ਬਦ ਜਦੋਂ ਸੰਗ ਸਾਥ ਨਾ ਰਹਿੰਦੇ , ਹਾਉਕਾ ਤੇਰੀ ਬਾਤ
ਕਰੇ। ਕੀ ਦੱਸਾਂ ਇਹ ਕੱਲ੍ਹੀ ਜਿੰਦੜੀ, ਏਡਾ ਸਦਮਾ ਕਿਵੇਂ
ਜਰੇ। ਪਲਕਾਂ ਅੰਦਰ ਵਿਲਕਣ ਅੱਥਰੂ,ਤਲਖ਼ ਸਮੁੰਦਰ
ਖੌਲ ਰਿਹਾ, ਤਪਦੀ ਲੋਹ ਤੇ ਜਲ ਕਣ ਜੀਕੂੰ ਤੜਫ਼ ਤੜਫ਼
ਕੇ ਪੈਰ ਧਰੇ। ਗੁਰਭਜਨ ਗਿੱਲ


ਪੰਜਾਬ
ਅੰਕੜਿਆਂ ਦੀ ਚਕਾਚੌਂਧ ਵਿੱਚ,ਬੰਦਾ ਕਿਤੇ ਗੁਆਚ
ਗਿਆ ਹੈ। ਮਨ ਦਾ ਚੈਨ ਵੀ ਏਸੇ ਕਰਕੇ,ਏਥੋਂ ਪੱਤਰਾ
ਵਾਚ ਗਿਆ ਹੈ, ਬੇਵਤਨੇ ਮਨ ਕਾਰਨ ਹੁਣ ਤਾਂ, ਚੌਵੀ
ਘੰਟੇ ਭੈ ਦਾ ਆਲਮ, ਕਿੰਨੇ ਵਿੱਚ ਮੈਂ ਵਿਕ ਸਕਦਾ ਹਾਂ,
ਹਾਕਮ ਮੈਨੂੰ ਜਾਚ ਗਿਆ ਹੈ। ਗੁਰਭਜਨ ਗਿੱਲ


[redacted]
ਤੁਰਾਂ ਬਰਾਬਰ ਸਹਿਜ ਮਤੇ ਵਿੱਚ, ਤਾਂਹੀਓਂ ਜ਼ਰਾ
ਮਲਾਲ ਨਹੀਂ। ਕਿਹੜਾ ਅੱਗੇ ਕਿਹੜਾ ਪਿੱਛੇ ਮਨ ਚਿੱਤ
ਵਿੱਚ ਸਵਾਲ ਨਹੀਂ। ਵਕਤ ਬਰਾਬਰ ਤੁਰਦਾ ਮੇਰੇ, ਕਣ
ਕਣ ਸੰਦਲੀ ਮਹਿਕ ਜਿਹਾ, ਏਹੀ ਏਦਾਂ ਨਿਭ ਜਾਵੇ ਜੇ,
ਰੱਬ ਦੀ ਮੈਨੂੰ ਭਾਲ ਨਹੀਂ। ਗੁਰਭਜਨ ਗਿੱਲ



ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ
ਤੇਰੇ। ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ
ਵੱਸ ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ
ਫੁੱਲ ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ,
ਜਗਮਗ ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ


ਜੋਦੜੀਆਂ ਦੇ ਨਾਲ ,ਮੁਸੀਬਤ ,ਉੱਚੇ ਪਰਬਤ ਢਹਿੰਦੇ
ਨਹੀਂਓਂ। ਪਰ ਹਾਲਾਤ ਕਦੇ ਵੀ ਮਿੱਤਰਾ ਇੱਕੋ ਜਹੇ ਤਾਂ
ਰਹਿੰਦੇ ਨਹੀਂਓਂ। ਆਸ ਉਮੀਦਾਂ ਸਾਨੂੰ ਡੂੰਘੇ ਭਵਸਾਗਰ
ਤੋਂ ਪਾਰ ਉਤਾਰਨ, ਸੂਰਜ ਦੀ ਲਿਸ਼ਕੋਰ ਜੇ ਪੱਲੇ, ਗ਼ਮ ਦੇ
ਬੱਦਲ ਰਹਿੰਦੇ ਨਹੀਂਓਂ। ਗੁਰਭਜਨ ਗਿੱਲ


ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ
ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ
ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ
ਭਾਵੇਂ ,ਏਸ ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ
ਰੁਸ਼ਨਾਉਣ ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ।

ਗੁਰਭਜਨ ਗਿੱਲ



ਦਿਸਦਾ ਨਾ ਤੂੰ ਜਿਸ ਦਿਨ ਓਦਣ ਸੂਰਜ ਵੀ ਨਹੀਂ ਚੜ੍ਹਦਾ। ਵਿੱਚ ਹਨ੍ਹੇਰੇ ਦੱਸ ਮੈਂ ਕਿੱਦਾਂ ਲਿਖੀ ਇਬਾਰਤ ਪੜ੍ਹਦਾ। ਯਾਦਾਂ ਦੀ ਦੋਮੂੰਹੀਂ ਨਾਗਣ ਰਹਿ ਰਹਿ ਮੈਨੂੰ ਡੰਗਦੀ ਉਡਣੇ ਪੰਛੀ ਰੂਹ ਦੇ ਅੰਬਰੋਂ, ਦੱਸ ਕਿਸ ਤਰ੍ਹਾਂ ਫੜਦਾ।

ਗੁਰਭਜਨ ਗਿੱਲ



ਆਸ ਦਾ ਸੂਰਜ ਚੜ੍ਹਾਓ ਧਰਤ ਰੌਸ਼ਨ ਕਰ ਦਿਓ। ਹਰ
ਬਨੇਰੇ ਦੀਵਿਆਂ ਨੂੰ ਸ਼ਾਮ ਵੇਲੇ ਧਰ ਦਿਓ। ਮੀਲ ਪੱਥਰ
ਸਿਰਫ਼ ਪੱਥਰ ਹੋਣ ਤੋਂ ਪਹਿਲਾਂ ਜਨਾਬ, ਮੰਜ਼ਲਾਂ ਤੇ
ਪਹੁੰਚ ਕੇ ਇਹ ਕੂਣ ਜੋਗੇ ਕਰ ਦਿਓ। ਗੁਰਭਜਨ ਗਿੱਲ



ਸੁਰ ਤੇ ਸ਼ਬਦ ਸੰਗੀਤ ਦਾ, ਸਚਮੁੱਚ ਸੀ ਅਵਤਾਰ।
ਬਹੁਤ ਉਦਾਸ ਸਾਰੰਗੀਆਂ, ਸ਼ਹਿਨਾਈ ਬੇਤਾਰ। ਰੂਹ
ਦੀਆਂ ਤਰਬਾਂ ਛੇੜਦਾ, ਸਤਿਗੁਰ ਬਾਝੋਂ ਕੌਣ, ਜਾ ਕੇ ਮੁੜ
ਨਹੀਂ ਪਰਤਿਆ, ਸਾਜ਼ ਵਜਾਵਣਹਾਰ।
ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ
ਸਕਦਾ ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ
ਮੁਸਕਾਨ ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ
ਪਲ ਜੀਣ ਸਿਖਾ ਸਕਦਾ ਹੈ। ਗੁਰਭਜਨ ਗਿੱਲ

ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ। ਬੈਠੇ
ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ। ਕਿਹੜਾ
ਰੱਖਦੈ ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ, ਬਹੁਤੀ
ਵਾਰੀ ਸਮਝ ਪਵੇ ਨਾ ਸਾਨੂੰ ਸਰਲ ਸਵਾਲ।

ਗੁਰਭਜਨ ਗਿੱਲ


ਅਸਲ ਕਲਾ ਤਾਂ ਇਹ ਹੈ ਮਿੱਤਰੋ ਅੱਖਾਂ ਚੋਂ
ਅਣਲਿਖਿਆ ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ
ਖੁਸ਼ਬੋਈ, ਇੱਕ ਦੂਜੇ ਦੇ ਸਾਹੀਂ ਵੜੀਏ। ਏਸ ਕਲਾ ਦੇ
ਜਾਨਣਹਾਰੇ ਵਿਰਲੇ ਨੇਤਰ ਧਰਤੀ ਉੱਤੇ, ਦਿਲ ਮੁੰਦਰੀ
ਵਿੱਚ ਮੋਹ ਦੇ ਨਗ ਨੂੰ ਨਾਮ ਧਰੇ ਬਿਨ ਥਾਂ ਸਿਰ ਜੜੀਏ।
ਗੁਰਭਜਨ ਗਿੱਲ



ਮੰਡੀ ਵਿੱਚੋਂ ਹਰ ਸ਼ੈ ਲੱਭਦੀ ਨਾ ਬਾਬਲ ਨਾ ਮਾਂ ਮਿਲਦੀ
ਹੈ। ਰਿਸ਼ਤਿਆਂ ਦੇ ਜੰਗਲ ਚੋਂ ਲੱਭੋ, ਕਿੱਥੇ ਐਸੀ ਛਾਂ
ਮਿਲਦੀ ਹੈ। ਮਾਪੇ ਜਾਣ ਤੋਂ ਬਾਅਦ ਏਸ ਦੀ ਕੀਮਤ ਦਾ
ਅਹਿਸਾਸ ਜਾਗਦਾ, ਤਖ਼ਤਪੋਸ਼ ਬੇ ਰੌਣਕ ਸੁੰਨੀ ਮੰਜੀ
ਵਾਲੀ ਥਾਂ ਦਿਸਦੀ ਹੈ। ਗੁਰਭਜਨ ਗਿੱਲ


ਸੂਰਮਿਆਂ ਦੀ ਨਾ ਵੱਖ ਬਸਤੀ, ਨਾ ਹੀ ਵੱਖਰਾ
ਰਹਿਣਾ। ਨਬਜ਼ ਸਮੇਂ ਦੀ ਫੜ ਕੇ ਦੱਸਦੇ, ਹੁਣ ਹੈ ਵਕਤ
ਕੁਲਹਿਣਾ। ਸੀਸ ਤਲੀ ਤੇ ਧਰਨ ਸੂਰਮੇ ਸਾਨੂੰ ਵੀ
ਸਮਝਾਉਂਦੇ, ਫ਼ਰਜ਼ ਨਿਭਾਓ, ਗਰਜ਼ਾਂ ਲਈ ਨਾ ਬਾਰ
ਪਰਾਏ ਬਹਿਣਾ। ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਸੌ ਦੀ ਇੱਕ ਸੁਣਾਵਾਂ। ਏਥੋਂ ਤੀਕ ਲਿਆਂਦਾ ਮੈਨੂੰ, ਮਾਪਿਆਂ ,ਭੈਣ ਭਰਾਵਾਂ। ਗੁਰ ਪੀਰਾਂ, ਉਸਤਾਦਾਂ ਚੰਡਿਆ, ਗੁੰਨ੍ਹ ਘੜ ਆਵੇ ਪਾਇਆ, ਮਿੱਟੀ ਤੋਂ ਮੈਂ ਬਰਤਨ ਬਣਿਆ, ਤਾਂਹੀਂਓ ਸੇਵ ਕਮਾਵਾਂ। ਗੁਰਭਜਨ ਗਿੱਲ


ਸੂਰਮਿਆਂ ਦੀ ਨਾ ਵੱਖ ਬਸਤੀ, ਨਾ ਹੀ ਵੱਖਰਾ
ਰਹਿਣਾ। ਨਬਜ਼ ਸਮੇਂ ਦੀ ਫੜ ਕੇ ਦੱਸਦੇ, ਹੁਣ ਹੈ ਵਕਤ
ਕੁਲਹਿਣਾ। ਸੀਸ ਤਲੀ ਤੇ ਧਰਨ ਸੂਰਮੇ ਸਾਨੂੰ ਵੀ
ਸਮਝਾਉਂਦੇ, ਫ਼ਰਜ਼ ਨਿਭਾਓ, ਗਰਜ਼ਾਂ ਲਈ ਨਾ ਬਾਰ
ਪਰਾਏ ਬਹਿਣਾ। ਗੁਰਭਜਨ ਗਿੱਲ



ਸੂਰਜ ਦੀ ਲਿਸ਼ਕੋਰ ਜਹੇ ਸੀ, ਨਹੀਂ ਭੁੱਲਦੇ ਉਹ ਸੱਜਣ ਪਿਆਰੇ। ਇੱਕ ਪਲ ਦੇ ਝਲਕਾਰੇ ਬਦਲੇ, ਦੇ ਗਏ ਲੱਖਾਂ ਦਰਦ ਉਧਾਰੇ। ਲੌਂਗ ਲਾਚੀਆਂ ਵਰਗੀ ਖ਼ੁਸ਼ਬੂ,ਜੋ ਦੇ ਗਏ ਉਹ ਮਹਿਕ ਰਹੀ ਹੈ, ਰਾਤ ਪਈ ਤੇ ਸਗਲ ਸਨੇਹੀ ,ਅੰਬਰ ਦੇ ਵਿੱਚ ਬਣ ਗਏ ਤਾਰੇ।

ਗੁਰਭਜਨ ਗਿੱਲ


ਜ਼ਿੰਦਗੀ ਦੇ ਅਰਥਾਂ ਦਾ ਲੇਖਾ, ਹੋਰ ਕਿਸੇ ਤੋਂ ਕਿਉਂ
ਕਰਵਾਉ। ਹਿੰਮਤ ਕਰਕੇ ਮੀਤ ਪਿਆਰੇ ਆਪੇ ਆਪਣੇ
ਨੇੜੇ ਆਉ। ਇੱਕ ਇੱਕ ਕਦਮ ਹਿਸਾਬ ਦਏਗਾ, ਕੀ
ਖੱਟਿਆ ਤੇ ਕਿਵੇਂ ਗਵਾਚਾ, ਆਪਣੀ ਕੁੱਲ ਹਯਾਤੀ
ਏਦਾਂ ਵਰਕਾ ਵਰਕਾ ਪੜ੍ਹਦੇ ਜਾਓ। ਗੁਰਭਜਨ ਗਿੱਲ



ਕਿਓਂ ਭੁੱਲਦੇ ਹੋ ਮਹਿੰਗਿਓ ਯਾਰੋ!ਜ਼ਿੰਦਗੀ ਕਰੜਾ ਇਮਤਿਹਾਨ ਹੈ। ਹਿੰਮਤ ਦੀ ਬਾਰੀਕ ਲੀਕ ਇੱਕ, ਹਾਰ ਤੇ ਜਿੱਤ ਦੇ ਦਰਮਿਆਨ ਹੈ। ਰੀਸ ਬਰੀਸੀ ਮਰ ਚੱਲੇ ਹੋ ਨਕਲਚੀਓ, ਕਮਅਕਲੇ ਬੰਦਿਓ, ਹਰ ਬੰਦੇ ਦਾ ਵੱਖਰਾ ਪਰਚਾ,ਜੋ ਸਮਝੇ ਓਹੀ ਇਨਸਾਨ ਹੈ।

ਗੁਰਭਜਨ ਗਿੱਲ


ਜੇ ਜਿੱਤਣੈਂ ਜੰਗ, ਮਨ ਦੇ ਅੰਦਰ ਪਹਿਲਾਂ ਪੱਕਾ ਨਿਸ਼ਚਾ
ਧਾਰੋ। ਭਟਕਣ ਛੱਡਿਆਂ, ਮੰਜ਼ਿਲ ਨੇੜੇ ,ਆ ਜਾਂਦੀ ਹੈ
ਬਰਖੁਰਦਾਰੋ। ਤੇਰੇ ਮੇਰੇ ਸਭ ਦੇ ਬਾਬਲ, ਬਿਨਾ ਕਿਤਾਬੋਂ
ਇਹ ਕਹਿੰਦੇ ਸੀ, ਧਰਮਸਾਲ ਵਿੱਚ ਮਗਰੋਂ, ਪਹਿਲਾਂ,
ਮਨ ਮੰਦਰ ਵਿੱਚ ਝਾਤੀ ਮਾਰੋ। ਗੁਰਭਜਨ ਗਿੱਲ


ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ
ਨਹੀਂ ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ
ਕਿੱਸਰਾਂ ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ
ਬਾਂਕਾ, ਕਿਉਂ ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ
ਬੁੱਸ ਜਾਂਦਾ ਹੈ, ਵਰਤਣ ਦੇ ਕਾਬਿਲ ਨਹੀਂ ਰਹਿੰਦਾ।
ਗੁਰਭਜਨ ਗਿੱਲ



ਇਹ ਵਰਕਾ ਤੂੰ ਕਿੱਥੋਂ ਪੜ੍ਹਿਆ ,ਹਰ ਵੇਲੇ ਹੀ ਭੁਰਦੇ
ਰਹਿਣਾ। ਸਾਬਣ ਦੀ ਚਾਕੀ ਦੇ ਵਾਂਗੂੰ, ਕਿਣ ਮਿਣ ਥੱਲੇ
ਖ਼ੁਰਦੇ ਰਹਿਣਾ। ਸਾਬਤ ਸਿਦਕ ਸਰੂਪ ਸੁਤੰਤਰ ਸਿਰੜ
ਸਮਰਪਣ ਸਾਂਭ ਲਵੇਂ ਜੇ, ਮੰਜ਼ਿਲ ਨੇੜੇ ਆ ਜਾ ਜਾਵੇਗੀ,
ਭੁੱਲੇਂ ਨਾ ਜੇ ਤੁਰਦੇ ਰਹਿਣਾ। ਗੁਰਭਜਨ ਗਿੱਲ



ਕਿੱਥੋਂ ਆਏ ਕਿੱਧਰ ਚੱਲੇ ਇਲਮ ਨਹੀਂ ਇਸ ਗੱਲ ਦਾ।
ਅੱਜ ਦਾ ਰੋਜ਼ ਖਿਸਕਿਆ ਹੱਥੋਂ, ਪਤਾ ਨਹੀਂ ਕੁਝ ਕੱਲ੍ਹ
ਦਾ। ਚਾਨਣੀਆਂ ਵਿੱਚ ਤੁਰਿਆਂ ਤੁਰਿਆ ਮਗਰ ਸਦਾ
ਪਰਛਾਵਾਂ, ਰਾਤ ਪਈ ਤੇ ਭਲਿਆ ਲੋਕਾ ਕੌਣ ਕਿਸੇ
ਸੰਗ ਚੱਲਦਾ। ਗੁਰਭਜਨ ਗਿੱਲ


ਜਾਨ ਤੋਂ ਪਿਆਰੇ ਜੇ ਨਾ ਮਾਨਣ ,ਖੁਸ਼ੀਆਂ ਜਾਣ
ਕਰੰਡੀਆਂ। ਮੋਹ ਦੇ ਪਾਣੀ ਬਾਝੋਂ ਤਰਸਣ, ਸੁਰਖ਼ ਫੁੱਲਾਂ
ਦੀਆਂ ਡੰਡੀਆਂ। ਪਰ ਜੇ ਸੱਤ ਬੇਗਾਨਾ ਕੋਈ, ਮੀਂਹ
ਮੁਸਕਾਨ ਤਰੌਂਕੇ , ਰੂਹ ਵਿੱਚ ਵਗਦਾ ਹੈ ਪੁਰਵੱਈਆ,
ਮਹਿਕਦੀਆਂ ਪਗਡੰਡੀਆਂ। ਗੁਰਭਜਨ ਗਿੱਲ


ਬੰਦਾ ਹੈ ਬੰਦੇ ਦਾ ਦਾਰੂ ਬੁਰੇ ਵਕਤ ਸਮਝਾਇਆ। ਸੁਖ
ਵੇਲੇ ਤਾਂ ਪੜ੍ਹ ਨਾ ਸਕਿਆ ਗੁੰਝਲਦਾਰੀ ਮਾਇਆ।
ਕੁਰਸੀ, ਪਦਵੀ, ਮਾਣ ਮਰਤਬਾ,ਖੰਭ ਉਡਾਵਣ ਉੱਚਾ,
ਆਪਣੀ ਹਸਤੀ ਓਦੋਂ ਜਾਣੀ, ਜਦ ਧਰਤੀ ਤੇ
ਆਇਆ। ਗੁਰਭਜਨ ਗਿੱਲ


ਵਧੀਆ ਗੱਲ ਹੈ ਪੱਗ ਤਾਂ ਹੋਵੇ, ਪਰ ਉਸ ਥੱਲੇ ਸਿਰ
ਵੀ ਹੋਵੇ। ਦੀਨ ਦੁਨੀ ਦਾ ਰਾਖੀ ਕਰਦਾ,ਨਾਧਿਰਿਆਂ ਦੀ
ਧਿਰ ਵੀ ਹੋਵੇ। ਕਿੰਨਾ ਹੋਰ ਉਡੀਕੋਗੇ ਜੀ,ਪਟਨੇ ਤੋਂ
ਦਸਮੇਸ਼ ਪਿਤਾ ਨੂੰ, ਸਾਡੇ ਲਈ ਪਰਿਵਾਰ ਨੂੰ ਵਾਰੇ, ਉਹ
ਸਾਰਾ ਕੁਝ ਫਿਰ ਵੀ ਹੋਵੇ। ਗੁਰਭਜਨ ਗਿੱਲ


ਗੋਰਖ ਦੇ ਟਿੱਲੇ ਤੇ ਜੋਗੀ ਸ਼ਾਮੀਂ ਅਕਸਰ ਆ ਜਾਂਦੇ ਨੇ।
ਬਿਰਧ ਬਿਰਖ ਦੀ ਸੁਣ ਜਾਂਦੇ ਤੇ ਆਪਣੀ ਬਾਤ ਸੁਣਾ
ਜਾਂਦੇ ਨੇ। ਦਿਲ ਦਿਲਗੀਰ ਨੂੰ ਢਾਰਸ ਮਿਲਦੀ ਰੂਹ
ਦੀਆਂ ਤਾਰਾਂ ਸੁਰ ਹੋ ਜਾਵਣ, ਤਾਰਿਆਂ ਵੇਲੇ ਚੰਨ ਤੇ
ਤਾਰੇ ਮਿਲਣ ਗਿਲਣ ਜਦ ਆ ਜਾਂਦੇ ਨੇ।
ਗੁਰਭਜਨ ਗਿੱਲ



ਸ਼ਬਦ ਜਦੋਂ ਸੰਗ ਸਾਥ ਨਾ ਰਹਿੰਦੇ , ਹਾਉਕਾ ਤੇਰੀ ਬਾਤ ਕਰੇ। ਕੀ ਦੱਸਾਂ ਇਹ ਕੱਲ੍ਹੀ ਜਿੰਦੜੀ, ਏਡਾ ਸਦਮਾ ਕਿਵੇਂ ਜਰੇ। ਪਲਕਾਂ ਅੰਦਰ ਵਿਲਕਣ ਅੱਥਰੂ,ਤਲਖ਼ ਸਮੁੰਦਰ ਖੌਲ ਰਿਹਾ, ਤਪਦੀ ਲੋਹ ਤੇ ਜਲ ਕਣ ਜੀਕੂੰ ਤੜਫ਼ ਤੜਫ਼ ਕੇ ਪੈਰ ਧਰੇ। ਗੁਰਭਜਨ ਗਿੱਲ


ਪੰਜਾਬ
ਅੰਕੜਿਆਂ ਦੀ ਚਕਾਚੌਂਧ ਵਿੱਚ,ਬੰਦਾ ਕਿਤੇ ਗੁਆਚ
ਗਿਆ ਹੈ। ਮਨ ਦਾ ਚੈਨ ਵੀ ਏਸੇ ਕਰਕੇ,ਏਥੋਂ ਪੱਤਰਾ
ਵਾਚ ਗਿਆ ਹੈ, ਬੇਵਤਨੇ ਮਨ ਕਾਰਨ ਹੁਣ ਤਾਂ, ਚੌਵੀ
ਘੰਟੇ ਭੈ ਦਾ ਆਲਮ, ਕਿੰਨੇ ਵਿੱਚ ਮੈਂ ਵਿਕ ਸਕਦਾ ਹਾਂ,
ਹਾਕਮ ਮੈਨੂੰ ਜਾਚ ਗਿਆ ਹੈ। ਗੁਰਭਜਨ ਗਿੱਲ


[redacted]
ਤੁਰਾਂ ਬਰਾਬਰ ਸਹਿਜ ਮਤੇ ਵਿੱਚ, ਤਾਂਹੀਓਂ ਜ਼ਰਾ
ਮਲਾਲ ਨਹੀਂ। ਕਿਹੜਾ ਅੱਗੇ ਕਿਹੜਾ ਪਿੱਛੇ ਮਨ ਚਿੱਤ
ਵਿੱਚ ਸਵਾਲ ਨਹੀਂ। ਵਕਤ ਬਰਾਬਰ ਤੁਰਦਾ ਮੇਰੇ, ਕਣ
ਕਣ ਸੰਦਲੀ ਮਹਿਕ ਜਿਹਾ, ਏਹੀ ਏਦਾਂ ਨਿਭ ਜਾਵੇ ਜੇ,
ਰੱਬ ਦੀ ਮੈਨੂੰ ਭਾਲ ਨਹੀਂ। ਗੁਰਭਜਨ ਗਿੱਲ